63

# ਪ੍ਰਚਾਰਕਾਂ, ਐਲਡਰਾਂ ਅਤੇ ਹੋਰ ਪਾਪੀਆਂ ਲਈ ਉਪਦੇਸ਼

## (20:13-38; 21:1)

ਰਸੂਲਾਂ ਦੇ ਕੰਮ ਵਿਚ ਪੌਲੁਸ ਦੇ ਸੱਤ ਉਪਦੇਸ਼ ਹਨ।[1] ਉਨ੍ਹਾਂ ਵਿੱਚੋਂ ਮਸੀਹੀ ਲੋਕਾਂ ਦੇ ਨਾਂਅ ਇੱਕੋ ਹੀ ਹੈ ਜੋ ਅਧਿਅਇ 20 ਵਿਚ ਮਿਲਦਾ ਹੈ।

ਪਿਛਲੇ ਪਾਠ ਦੇ ਅਖ਼ੀਰ ਵਿਚ ਪੌਲੁਸ ਤ੍ਰੋਆਸ ਤੋਂ ਜਾਣ ਦੀ ਤਿਆਰੀ ਵਿਚ ਸੀ (20:11)।[2] ਪੌਲੁਸ ਨੇ ਆਪਣੇ ਹਮਸਫ਼ਰਾਂ ਨੂੰ ਜਹਾਜ਼ ਵਿਚ ਜਾਣ ਲਈ ਕਿਹਾ ਜਦਕਿ ਆਪ ਉਹ ਅਗਲੀ ਬੰਦਰਗਾਹ ਅੱਸੁਸ[3] ਤਕ ਪੈਦਲ ਗਿਆ (ਆਇਤ 13)। ਸ਼ਾਇਦ ਉਹ ਜਹਾਜ਼ ਦੇ ਨਿੱਕਲਣ ਤਕ ਤਿਆਰ ਨਹੀਂ ਹੋਇਆ ਸੀ (ਜਾਂ ਤ੍ਰੋਆਸ ਵਿਚ ਭਾਈਆਂ ਨਾਲ ਕੁਝ ਹੋਰ ਵਕਤ ਬਿਤਾਉਣਾ ਚਾਹੁੰਦਾ ਸੀ) ਜਾਂ ਸ਼ਾਇਦ ਉਹ ਕੁਝ ਦੇਰ ਲਈ ਇਕੱਲਾ ਰਹਿਣਾ ਚਾਹੁੰਦਾ ਸੀ।[4] ਲੂਕਾ ਨੇ ਲਿਖਿਆ ਹੈ:

> ਜਾਂ ਉਹ ਅੱਸੁਸ ਵਿਚ ਸਾਨੂੰ ਆ ਮਿਲਿਆ[5] ਤਾਂ ਅਸੀਂ ਉਹ ਨੂੰ ਚੜ੍ਹਾ ਕੇ ਮਿਤੁਲੇਨੇ ਨੂੰ ਆਏ।[6] ਅਰ ਉੱਥੋਂ ਜਹਾਜ਼ ਖੋਲ੍ਹ ਕੇ ਦੂਜੇ ਦਿਨ ਖੀਓਸ ਦੇ ਬਰਾਬਰ ਪਹੁੰਚੇ[7] ਅਤੇ ਉਸ ਦੇ ਦੂਏ ਦਿਨ ਸਾਮੁਸ ਵਿਚ ਜਾ ਲੱਗੇ।[8] ਫਿਰ ਅਗਲੇ ਭਲਕ ਮਿਲੇਤੁਸ ਨੂੰ ਆਏ।[9] ਕਿਉਂਕਿ ਪੌਲੁਸ ਨੇ ਇਹ ਠਾਣਿਆ ਸੀ ਜੋ ਅਫ਼ਸੁਸ ਤੋਂ ਲੰਘ ਜਾਵਾਂ ਭਈ ਅਸੀਆ ਵਿਚ ਮੈਨੂੰ ਕਿਤੇ ਚਿਰ ਨਾ ਲੱਗੇ[10] ਕਿਉਂ ਜੋ ਉਹ ਛੇਤੀ ਕਰਦਾ ਸੀ ਕਿ ਜੇ ਹੋ ਸਕੇ ਤਾਂ ਪੰਤੇਕੁਸਤ ਦਾ ਦਿਨ ਯਰੂਸ਼ਲਮ ਵਿਚ ਕੱਟਾਂ[11] (ਆਇਤਾਂ 14-16)।

ਜ਼ਾਹਿਰ ਹੈ ਕਿ ਪੌਲੁਸ ਨੂੰ ਮਿਲੇਤੁਸ ਵਿਚ ਜਹਾਜ਼ ਤੇ ਸਮਾਨ ਚੜ੍ਹਾਉਣ ਜਾਂ ਲਾਹੁਣ ਕਰਕੇ (ਜਾਂ ਕਿਸੇ ਮੁਰੰਮਤ ਕਰਕੇ) ਦੋ ਜਾਂ ਤਿੰਨ ਦਿਨ ਅਰਾਮ ਮਿਲ ਗਿਆ ਹੋਵੇਗਾ। ਉਹਨੇ ਅਫ਼ਸੁਸ ਵਿਚ ਕਲੀਸੀਆ ਦੇ ਐਲਡਰਾਂ ਕੋਲ ਹਰਕਾਰਾ ਭੇਜ ਕੇ ਇਹ ਅਖਵਾ ਭੇਜਿਆ ਕਿ ਮਿਲੇਤੁਸ ਵਿਚ ਆਣ ਕੇ ਉਹਨੂੰ ਮਿਲਣ।[12] ਉਹ ਤੀਹ ਜਾਂ ਇਸ ਤੋਂ ਵੱਧ ਮੀਲ ਚੱਲ ਕੇ ਦੱਖਣ ਵਿਚ ਉਸ ਨੂੰ ਮਿਲਣ ਲਈ ਆਏ; ਅਤੇ ਉਨ੍ਹਾਂ ਦੇ ਪਹੁੰਚਣ ਤੇ ਪੌਲੁਸ ਨੇ ਰਸੂਲਾਂ ਦੇ ਕੰਮ 20 ਅਧਿਆਇ ਵਾਲਾ ਸ਼ਾਨਦਾਰ ਅਲਵਿਦਾਈ ਉਪਦੇਸ਼ ਦਿੱਤਾ।

ਮੈਨੂੰ ਪੌਲੁਸ ਦੀਆਂ ਗੱਲਾਂ ਨੂੰ ''ਪ੍ਰਚਾਰਕਾਂ, ਐਲਡਰਾਂ ਅਤੇ ਹੋਰ ਪਾਪੀਆਂ ਲਈ ਉਪਦੇਸ਼''

ਕਹਿਣਾ ਚੰਗਾ ਲਗਦਾ ਹੈ। ਇਹ ਸੰਦੇਸ਼ ਜ਼ਾਹਿਰਾ ਤੌਰ ਤੇ ਐਲਡਰਾਂ ਲਈ ਹੈ; ਅਤੇ ਉਨ੍ਹਾਂ ਨੂੰ ਹੀ ਮੁਖ਼ਾਤਿਬ ਸੀ (ਆਇਤ 17)। ਪੌਲੁਸ ਵੱਲੋਂ ਅਫ਼ਸੁਸ ਦੇ ਆਪਣੇ ਕੰਮ ਬਾਰੇ ਦੱਸਣਾ ਵੀ ਪ੍ਰਚਾਰਕਾਂ ਲਈ ਅਹਿਮ ਹੈ। ਪਰ ਮੇਰੇ ਖ਼ਿਆਲ 'ਚ ਇਸ ਵਿਚ ਕਲੀਸੀਆ ਦੇ ਸਭ ਲੋਕਾਂ ਲਈ ਸੰਦੇਸ਼ ਹੈ। ਯਾਦ ਰੱਖੋ ਕਿ ਉੱਥੇ ਸਿਰਫ਼ ਪੌਲੁਸ ਅਤੇ ਅਫ਼ਸੁਸ ਦੇ ਬਜ਼ੁਰਗ ਜਾਂ ਐਲਡਰ ਹੀ ਨਹੀਂ ਸਗੋਂ ਪੌਲੁਸ ਦੇ ਨਾਲ ਘੱਟੋ ਘੱਟ ਅੱਠ ਹਮਸਫ਼ਰ ਵੀ ਸਨ (ਆਇਤ 4-6)। ਇਸ ਲਈ ਮੈਂ ਇਸ ਪਾਠ ਵਿੱਚੋਂ ਉਨ੍ਹਾਂ ਸੱਚਾਈਆਂ ਨੂੰ ਸਮਝਾਉਣਾ ਚਾਹੁਦਾ ਹਾਂ ਜੋ ਸਾਡੇ ਸਭ ਲਈ ਪ੍ਰਾਸੰਗਿਕ ਹਨ।

## ਪ੍ਰਚਾਰਕਾਂ ਲਈ ਉਪਦੇਸ਼

ਪ੍ਰਚਾਰਕਾਂ ਨਾਲ ਸ਼ੁਰੂਆਤ ਕਰਦੇ ਹਾਂ। ਪ੍ਰਚਾਰ ਬਹੁਤੇ ਲੋਕ ਨਹੀਂ ਕਰਦੇ, ਇਸ ਲਈ ਪ੍ਰਚਾਰ ਬਾਰੇ ਉਨ੍ਹਾਂ ਗੈਰ ਪ੍ਰਚਾਰਕਾਂ ਨਾਲ ਗੱਲ ਕਰਨਾ ਅਜੀਬ ਲਗਦਾ ਹੈ। ਪਰ ਹਰ ਮਸੀਹੀ ਨੂੰ ਇਹ ਪਤਾ ਹੋਣਾ ਜ਼ਰੂਰੀ ਹੈ ਕਿ ਪ੍ਰਚਾਰ ਬਾਰੇ ਲਿਖਤ ਕੀ ਕਹਿੰਦੀ ਹੈ।[13] ਪ੍ਰਚਾਰ ਦੀਆਂ ਬਹੁਤ ਸਾਰੀਆਂ ਧਾਰਨਾਵਾਂ ਦਾ ਅਧਾਰ ਬਾਈਬਲ ਦੀ ਸਿੱਖਿਆ ਨਹੀਂ ਸਗੋਂ ਡਿਨੋਮਿਨੇਸ਼ਨਲ (ਫਿਰਕੂ) ਕਲੀਸੀਆਵਾਂ ਦੀਆਂ ਰਵਾਇਤਾਂ ਹੁੰਦੀਆਂ ਹਨ।

### ਪ੍ਰਚਾਰ ਹੈ ਕੀ

ਪੌਲੁਸ ਦੇ ਉਪਦੇਸ਼ ਤੋਂ ਪਤਾ ਲਗਦਾ ਹੈ ਕਿ ਪ੍ਰਚਾਰ ਕੀ ਹੈ। ਸ਼ੁਰੂ ਨਕਾਰਾਤਮਕ ਤੋਂ ਹੀ ਕਰਦੇ ਹਾਂ। ਪ੍ਰਚਾਰ ਕਰਨਾ ਜ਼ਿੰਦਗੀ ਨੂੰ ਸੁਖਾਲਾ ਬਣਾਉਣ ਲਈ *ਨਹੀਂ* ਹੈ।[14] ਪੌਲੁਸ ਨੇ ਉਨ੍ਹਾਂ ਅਜ਼ਮਾਇਸ਼ਾਂ ਅਤੇ ਹੰਝੂਆਂ ਦੀ ਗੱਲ ਕੀਤੀ ਜੋ ਉਸ ਉੱਤੇ ਆਈਆਂ ਸਨ (ਆਇਤ 19; ਆਇਤ 31 ਵੀ ਵੇਖੋ)। ਉਹਨੇ ਉਸ ਲੰਮੇ ਸਮੇਂ ਦੀ ਗੱਲ ਕੀਤੀ ਜਦ ਕਈ-ਕਈ ਘੰਟੇ ''ਮੈਂ ਤਿੰਨਾਂ ਵਰ੍ਹਿਆਂ ਤੀਕਰ ਰਾਤ ਦਿਨ ਰੋ ਰੋ ਕੇ ਹਰੇਕ ਨੂੰ ਚਿਤਾਉਣ ਤੋਂ ਨਹੀਂ ਟਲਿਆ'' (ਆਇਤ 31); ਉਹ ਸਵੇਰੇ 8 ਤੋਂ ਸ਼ਾਮ 5 ਵਜੇ ਤਕ ਦੀ ਡਿਊਟੀ ਪੂਰੀ ਨਹੀਂ ਕਰਦਾ ਸੀ। ਉਹਨੇ ਉਸ ''ਬੰਧਨ ਅਤੇ ਬਿਪਤਾ'' (ਆਇਤ 23) ਦੀ ਗੱਲ ਕੀਤੀ ਜੋ ਯਰੂਸ਼ਲਮ ਵਿਚ ਉਹਦੇ ਲਈ ਤਿਆਰ ਸੀ।

ਪ੍ਰਚਾਰ ਕਰਨ ਦਾ ਮਤਲਬ ਦੌਲਤ ਕਮਾਉਣਾ ਨਹੀਂ ਹੈ। ਮੈਂ ਪੌਲੁਸ ਨੂੰ ਐਲਡਰਾਂ ਸਾਹਮਣੇ ਆਪਣੇ ਖੁਰਦਰੇ ਅਤੇ ਸਖ਼ਤ ਹੱਥ ਵਿਖਾਉਂਦੇ ਇਹ ਕਹਿਣ ਦੀ ਕਲਪਨਾ ਕਰ ਸਕਦਾ ਹਾਂ ਕਿ ''ਮੇਰੇ ਇਨ੍ਹਾਂ ਹੀ ਹੱਥਾਂ ਨੇ ਮੇਰੀਆਂ ਅਤੇ ਮੇਰੇ ਸਾਥੀਆਂ ਦੀਆਂ ਲੋੜਾਂ ਪੂਰੀਆਂ ਕੀਤੀਆਂ'' (ਆਇਤ 34)। ਲਿਖਤ ਮੁਤਾਬਕ ਪ੍ਰਚਾਰਕ ਨੂੰ ਆਪਣੇ ਗੁਜ਼ਾਰੇ ਲਈ ਮਾਲੀ ਮਦਦ ਪਾਉਣ ਦਾ ਹੱਕ ਹੈ (ਲੂਕਾ 10:7; 1 ਕੁਰਿੰਥੀਆਂ 9; 1 ਤਿਮੋਥਿਉਸ 5:18), ਪਰ ਪ੍ਰਚਾਰ ਕਰਨ ਦਾ ਮਤਲਬ ਮਾਲੀ ਫ਼ਾਇਦਾ ਚੁੱਕਣਾ ਨਹੀਂ ਹੈ। ਸਗੋਂ ਪ੍ਰਚਾਰ ਕਰਨਾ ਇਕ ਖ਼ਾਸ ਸੇਵਕਾਈ ਨੂੰ ਪੂਰਾ ਕਰਨਾ ਹੈ।

ਪ੍ਰਚਾਰ ਕਰਨ ਦਾ ਮਤਲਬ ਨੌਕਰੀ ਹਾਸਲ ਕਰਨਾ ਨਹੀਂ ਹੈ। ਪੌਲੁਸ ਨੇ ਆਪਣੇ ਸੁਣਨ ਵਾਲਿਆਂ ਨੂੰ ਦੱਸਿਆ ਸੀ ਕਿ ''ਮੈਂ ਆਤਮਾ ਦਾ ਬੱਧਾ ਹੋਇਆ ਯਰੂਸ਼ਲਮ ਨੂੰ ਜਾਂਦਾ ਹਾਂ ਅਤੇ ਮੈਂ ਨਹੀਂ ਜਾਣਦਾ ਜੋ ਉੱਥੇ ਮੇਰੇ ਉੱਤੇ ਕੀ ਬੀਤੇਗਾ'' (ਆਇਤ 22)। ਪ੍ਰਚਾਰਕਾਂ ਨੂੰ ਇਹ ਪਤਾ ਨਹੀਂ ਹੁੰਦਾ ਕਿ ਕੱਲ੍ਹ ਉਨ੍ਹਾਂ ਨਾਲ ਕੀ ਹੋਣ ਵਾਲਾ ਹੈ।

ਲਿਖਤ ਵਿਚ ਇਸ ਸੱਚਾਈ ਉੱਤੇ ਵੀ ਜ਼ੋਰ ਦਿੱਤਾ ਗਿਆ ਹੈ ਕਿ ਪ੍ਰਚਾਰ ਕਰਨ ਦਾ ਮਤਲਬ ਪਾਸਬਾਨੀ ਕਰਨਾ ਨਹੀਂ ਹੈ। ਪੌਲੁਸ ਨੇ ਅਫ਼ਸੁਸ ਦੇ *ਪ੍ਰਚਾਰਕਾਂ* ਨੂੰ ਨਹੀਂ ਸਗੋਂ *ਪਾਸਬਾਨਾਂ* ਨੂੰ ਸੱਦਿਆ ਸੀ (ਆਇਤ 17)। ਜਿਵੇਂ ਕਿ ਅਸੀਂ ਵੇਖਾਂਗੇ ਕਿ ਐਲਡਰਾਂ ਨੂੰ ਹੀ ਪਾਸਟਰ ਜਾਂ ਪਾਸਬਾਨ ਕਿਹਾ ਜਾਂਦਾ ਹੈ (ਆਇਤਾਂ 17, 28) ਭਾਵ ਪ੍ਰਚਾਰਕ ਨੂੰ ''ਪਾਸਬਾਨ'' ਨਹੀਂ ਕਿਹਾ ਜਾਂਦਾ (ਕਿਤੇ ਕਿਤੇ ਇਹ ਹੋ ਸਕਦਾ ਹੈ ਕਿ ਪ੍ਰਚਾਰਕ ਪਾਸਬਾਨੀ ਦਾ ਕੰਮ ਕਰੇ,[15] ਪਰ ਪ੍ਰਚਾਰਕ ਹੁੰਦਿਆਂ ਬਾਈਬਲ ਦੇ ਨਜ਼ਰੀਏ ਤੋਂ ਉਹ ''ਪਾਸਟਰ'' [ਜਾਂ ਪਾਸਬਾਨ] *ਨਹੀਂ* ਹੈ।)

ਨਕਾਰਾਤਮਕ ਤੋਂ ਵਿਹਾਰਕ ਪਹਿਲੂ ਵੱਲ ਜਾਂਦਿਆਂ, ਉਪਦੇਸ਼ ਵਿਚ ਪਤਾ ਲਗਦਾ ਹੈ ਕਿ ਪ੍ਰਚਾਰ ਵਿਚ ਕੀ-ਕੀ ਹੋਣਾ ਜ਼ਰੂਰੀ ਹੈ। ਪ੍ਰਚਾਰਕ ਆਪਣਾ ਵਕਤ ਕਿਵੇਂ ਗੁਜ਼ਾਰੇ ਅਤੇ ਪ੍ਰਚਾਰਕ ਨੂੰ ਕੀ ਪ੍ਰਚਾਰ ਕਰਨਾ ਚਾਹੀਦਾ ਹੈ ਵਿਸ਼ਿਆਂ ਤੇ ਸਭ ਦੇ ਵੱਖੋ ਵੱਖ ਖਿਆਲ ਹੋ ਸਕਦੇ ਹਨ। ਆਓ ਪੌਲੁਸ ਤੋਂ ਹੀ ਪੁੱਛੀਏ ਕਿ ''ਪ੍ਰਚਾਰ ਕੀ ਹੈ? ਅਤੇ ਤੁਸੀਂ ਅਫ਼ਸੁਸ ਵਿਚ ਕੀ ਪ੍ਰਚਾਰ ਕੀਤਾ ਸੀ?'' ਮੈਂ ਉਸ ਨੂੰ ਇਹ ਕਹਿੰਦਿਆਂ ਸੁਣ ਸਕਦਾ ਹਾਂ, ''ਮੈਂ *ਪ੍ਰਚਾਰ ਕੀਤਾ ਅਤੇ ਸਿਖਾਇਆ''* (ਆਇਤਾਂ 20, 25)। ਪੌਲੁਸ ਦੇ ਸ਼ਬਦਾਂ ਵਿਚ ਉਨ੍ਹਾਂ ਛੋਟੀਆਂ-ਮੋਟੀਆਂ ਗੱਲਾਂ ਬਾਰੇ ਵੀ ਕੁਝ ਨਹੀਂ ਦੱਸਿਆ ਗਿਆ ਜੋ ਆਮ ਤੌਰ ਤੇ ਪ੍ਰਚਾਰਕਾਂ ਦੀ ਜ਼ਿੰਦਗੀ ਵਿਚ ਧੜਥੱਲ ਮਚਾ ਕੇ ਅਹਿਮ ਕੰਮ ਤੋਂ ਉਨ੍ਹਾਂ ਦਾ ਧਿਆਨ ਹਟਾ ਦਿੰਦੀਆਂ ਹਨ।

ਫਿਰ ਮੈਂ ਪੌਲੁਸ ਨੂੰ ਆਪਣੇ ਸ਼ਬਦਾਂ ਨੂੰ ਵਿਸਤਾਰ ਦਿੰਦਿਆਂ ਸੁਣ ਸਕਦਾ ਹਾਂ: ''ਮੈਂ *ਖ਼ੁਦਾ ਦਾ ਵਚਨ* ਸੁਣਾਇਆ ਅਤੇ ਸਿਖਾਇਆ।'' ਉਹਨੇ ਕਿਹਾ, ''ਮੈਂ ਤੁਹਾਨੂੰ ਪ੍ਰਮੇਸ਼ਵਰ ... ਦੀ ਕਿਰਪਾ ਦੇ ਵਚਨ ਦੇ ਸਪੁਰਦ ਕਰਦਾ ਹਾਂ ਜਿਹੜਾ ਤੁਹਾਨੂੰ ਸਿੱਧ ਬਣਾ ਸਕਦਾ ਅਤੇ ਤੁਹਾਨੂੰ ਸਰਬੱਤ ਪਵਿੱਤਰ ਕੀਤੇ ਹੋਇਆਂ ਵਿਚ ਅਧਿਕਾਰ ਦੇ ਸਕਦਾ ਹੈ'' (ਆਇਤ 32)।

ਪੌਲੁਸ ਨੇ ਜ਼ੋਰ ਦੇ ਕੇ ਕਿਹਾ ਕਿ ਉਹਨੇ ਖ਼ੁਦਾ ਦਾ ਵਚਨ ਸੁਣਾਇਆ ਅਤੇ ਸਿਖਾਇਆ।[16] ਉਹਨੇ ਅਫ਼ਸੀਆਂ ਨੂੰ ਇਹ ਜ਼ੋਰ ਦਿੰਦਿਆਂ ਕਿਹਾ ਕਿ ਉਹ ਸਭ ਦੇ ਲਹੂ ਤੋਂ ਬੇਦਾਗ਼ ਹੈ[17] (ਆਇਤ 20),[18] ਕਿਉਂਕਿ ਉਹ ''[ਉਨ੍ਹਾਂ ਨੂੰ] ਪ੍ਰਮੇਸ਼ਵਰ ਦੀ ਸਾਰੀ ਮੱਤ ਦੱਸਣ ਤੋਂ ਨਹੀਂ ਝਕਿਆ'' (ਆਇਤਾਂ 26, 27)। ਪ੍ਰਚਾਰਕ ਦੀ ਪਹਿਲੀ ਜ਼ਿੰਮੇਵਾਰੀ ਖ਼ੁਦਾ ਪ੍ਰਤੀ ਹੈ। ਉਹਦਾ ਕੰਮ ਲੋਕਾਂ ਨੂੰ ਖੁਸ਼ ਕਰਨਾ, ਉਨ੍ਹਾਂ ਨੂੰ ਕੁਤਕੁਤਾਰੀਆਂ ਕਢਾਉਣਾ ਜਾਂ ਭੀੜ ਜਮ੍ਹਾ ਕਰਨਾ ਨਹੀਂ ਸਗੋਂ ''ਪ੍ਰਮੇਸ਼ਵਰ ਦੀ ਸਾਰੀ ਮੱਤ'' (ਆਇਤ 27) ਦਾ ਪ੍ਰਚਾਰ ਕਰਨਾ ਹੈ।

ਉਹਦੇ ਬਾਅਦ ਮੈਂ ਪੌਲੁਸ ਦੇ ਇਹ ਕਹਿਣ ਦੀ ਕਲਪਨਾ ਕਰ ਸਕਦਾ ਹਾਂ, ''*ਜਿੱਥੇ ਤਕ ਹੋ ਸਕਦਾ ਸੀ* ਮੈਂ ਖ਼ੁਦਾ ਦਾ ਵਚਨ ਸੁਣਾਇਆ ਅਤੇ ਸਿਖਾਇਆ।'' ਉਹ ''ਖੁੱਲ੍ਹ ਕੇ ਅਤੇ ਘਰ ਘਰ'' (ਆਇਤ 20) ਜਾ ਕੇ ਸਿਖਾਉਂਦਾ ਸੀ। ਜਿਹੜਾ ਪ੍ਰਚਾਰਕ ਇਹ ਸਮਝਦਾ ਹੈ ਕਿ ਉਹਨੂੰ ''ਪੁਲਪਿਟ ਤੋਂ ਹੀ'' ਬੋਲਣਾ ਚਾਹੀਦਾ ਹੈ ਉਹਨੂੰ ਖ਼ੁਦਾ ਵੱਲੋਂ ਦਿੱਤੀ ਚੁਣੌਤੀ ਦੇ ਮਕਸਦ ਦੀ ਸਮਝ ਹੀ ਨਹੀਂ ਹੈ।

ਅਖ਼ੀਰ ਵਿਚ ਮੈਂ ਪੌਲੁਸ ਨੂੰ ਇਹ ਐਲਾਨ ਕਰਦੇ ਸੁਣਦਾ ਹਾਂ, ''ਮੈਂ ਖ਼ੁਦਾ ਦਾ ਵਚਨ *ਸਭ ਨੂੰ* ਜਿੱਥੇ ਵੀ ਸਿਖਾ ਸਕਦਾ ਸਾਂ, ਸੁਣਾਇਆ।'' ਉਹਨੇ ''ਯਹੂਦੀਆਂ ਅਤੇ ਯੂਨਾਨੀਆਂ ਦੇ ਸਾਹਮਣੇ ਸਾਖੀ ਦਿੱਤੀ'' (ਆਇਤ 21)। ਉਹਨੇ ਪੱਖਪਾਤ ਨਾਲ ਕੰਮ ਨਹੀਂ ਕੀਤਾ। ਜਦ ਤਕ ਪ੍ਰਚਾਰਕ ਸਭ ਦੀ ਮਦਦ ਕਰਨ ਲਈ ਤਿਆਰ ਨਹੀਂ ਹੁੰਦਾ, ਤਦ ਤਕ ਉਹ ਕਿਸੇ ਦੀ ਵੀ ਮਦਦ ਨਹੀਂ ਕਰ ਸਕਦਾ।

**ਪ੍ਰਚਾਰਕ ਦਾ ਵਿਹਾਰ ਕਿਹੋ ਜਿਹਾ ਹੋਣਾ ਚਾਹੀਦਾ ਹੈ**

ਪੌਲੁਸ ਨੇ ਨਾ ਸਿਰਫ਼ ਇਹੀ ਦੱਸਿਆ ਕਿ ਇਕ ਪ੍ਰਚਾਰਕ ਨੂੰ ਕਿਹੋ ਜਿਹਾ ਹੋਣਾ ਚਾਹੀਦਾ ਹੈ ਸਗੋਂ ਉਹਨੇ ਇਹ ਵੀ ਦੱਸਿਆ ਕਿ ਪ੍ਰਚਾਰਕ ਨੂੰ ਕੀ ਅਹਿਸਾਸ ਹੋਣਾ ਚਾਹੀਦਾ ਹੈ ਭਾਵ ਉਹਦਾ ਵਿਹਾਰ ਕਿਹੋ ਜਿਹਾ ਹੋਣਾ ਚਾਹੀਦਾ ਹੈ। ਸਹੀ ਅਮਲਾਂ ਦੇ ਬਗ਼ੈਰ ਸਹੀ ਵਿਹਾਰ ਕਰਨਾ ਮੁਸ਼ਕਲ ਹੈ।

ਪ੍ਰਚਾਰਕ ਦਾ ਸੁਭਾਅ *ਦੀਨ* ਹੋਣਾ ਚਾਹੀਦਾ ਹੈ। ਪੌਲੁਸ ਨੇ ''ਬਹੁਤ ਅਧੀਨਤਾ ਨਾਲ'' (ਆਇਤ 19) ਪ੍ਰਭੂ ਦੀ ਸੇਵਾ ਕੀਤੀ। ''ਮਿਨਿਸਟਰ ਜਾਂ ਸੇਵਕ''[19] ਤੋਂ ਭਾਵ ''ਦਾਸ'' ਹੋਣਾ ਹੈ। ਪ੍ਰਚਾਰਕ ਦਾਸ ਹੀ ਤਾਂ ਹੈ (ਵੇਖੋ ਰੋਮੀਆਂ 12:3; ਫ਼ਿਲਿੱਪੀਆਂ 2:3-5)। ਉਹ ਪਾਸਬਾਨ ਨਹੀਂ ਹੈ ਕਿਉਂਕਿ ਉਹਦਾ ਕੰਮ ਕਲੀਸੀਆ ਨੂੰ ਚਲਾਉਣਾ ਨਹੀਂ ਹੈ। ਉਹਦਾ ਕੰਮ ਵਚਨ ਦਾ ਪ੍ਰਚਾਰ ਕਰਨਾ ਹੈ ਅਤੇ ਹਰ ਹਾਲ ਵਿਚ ਉਹਦੇ ਲਈ ਵਚਨ ਦਾ ਪ੍ਰਚਾਰ ਕਰਨਾ ਜ਼ਰੂਰੀ ਹੈ।

ਪ੍ਰਚਾਰਕ ਦਾ ਵਿਹਾਰ *ਭਰੋਸੇ ਵਾਲਾ* ਹੋਣਾ ਚਾਹੀਦਾ ਹੈ। ਪੌਲੁਸ ਸਿਰ ਤੋਂ ਲੈ ਕੇ ਪੈਰਾਂ ਤਕ ਜ਼ਖ਼ਮੀ ਸੀ (2 ਕੁਰਿੰਥੀਆਂ 11:23-33)। ਜੇ ਮੈਂ ਉਹਦੀ ਥਾਂ ਹੁੰਦਾ ਤਾਂ ਕਹਿੰਦਾ, ''ਮੈਂ ਬੜੇ ਦੁੱਖ ਝੱਲੇ ਹਨ। ਮੈਂ ਆਪਣਾ ਫ਼ਰਜ਼ ਪੂਰਾ ਕਰ ਦਿੱਤਾ ਹੈ। ਹੁਣ ਮੈਂ ਕੰਮ ਨਹੀਂ ਕਰਾਂਗਾ।'' ਪਰ ਛੱਡ ਕੇ ਜਾਣ ਦੀ ਪੌਲੁਸ ਦੀ ਕੋਈ ਯੋਜਨਾ ਨਹੀਂ ਸੀ। ਉਹਨੂੰ ਕਿਹੜੀ ਗੱਲ ਨੇ ਕੰਮ ਕਰਦੇ ਰਹਿਣ ਲਈ ਮਜਬੂਰ ਕੀਤਾ? ਪ੍ਰਭੂ ਵਿਚ ਉਹਦੇ ਭਰੋਸੇ ਨੇ (ਆਇਤਾਂ 21, 32)। ਉਹਦੇ ਨਾਲ ਜੋ ਵੀ ਹੋਵੇ ਉਹਨੇ ਆਪਣੇ ਆਪ ਨੂੰ ਖ਼ੁਦਾ ਦੇ ਸਪੁਰਦ ਕਰ ਦਿੱਤਾ ਸੀ! ਭਵਿੱਖ ਬਾਰੇ ਉਹਨੇ ਅਫ਼ਸੁਸ ਦੇ ਐਲਡਰਾਂ ਨੂੰ ਦੱਸਿਆ:

> ਹੁਣ ਵੇਖੋ ਮੈਂ ਆਤਮਾ ਦਾ ਬੱਧਾ ਹੋਇਆ[20] ਯਰੂਸ਼ਲਮ ਨੂੰ ਜਾਂਦਾ ਹਾਂ ਅਤੇ ਮੈਂ ਨਹੀਂ ਜਾਣਦਾ ਜੋ ਉੱਥੇ ਮੇਰੇ ਉੱਤੇ ਕੀ ਬੀਤੇਗਾ। ਪਰ ਐੱਨਾ ਜਾਣਦਾ ਹਾਂ ਭਈ ਪਵਿੱਤਰ ਆਤਮਾ ਹਰੇਕ ਨਗਰ ਵਿਚ ਮੈਨੂੰ ਇਹ ਕਹਿ ਕੇ ਸਾਖੀ ਦਿੰਦਾ ਹੈ[21] ਜੋ ਬੰਧਨ ਅਤੇ ਬਿਪਤਾ ਤੇਰੇ ਲਈ ਤਿਆਰ ਹਨ। ਪਰੰਤੂ ਮੈਂ ਆਪਣੇ ਲਈ ਆਪਣੀ ਜਾਨ ਨੂੰ ਕਿਸੇ ਤਰ੍ਹਾਂ ਪਿਆਰੀ ਨਹੀਂ ਸਮਝਦਾ[22] ਹਾਂ ਤਾਂ ਜੋ ਮੈਂ ਆਪਣੀ ਦੌੜ ਨੂੰ ਅਤੇ ਉਸ ਟਹਿਲ ਨੂੰ ਪੂਰੀ ਕਰਾਂ[23] ਜਿਹੜੀ ਮੈਂ ਪ੍ਰਮੇਸ਼ਵਰ ਦੀ ਕਿਰਪਾ ਦੀ ਖੁਸ਼ਖ਼ਬਰੀ ਉੱਤੇ ਸਾਖੀ ਹੋਣ ਲਈ ਪ੍ਰਭੂ ਯਿਸੂ ਤੋਂ ਪਾਈ ਸੀ (ਆਇਤਾਂ 22-24)।

ਆਇਤ 24 ਦੇ ਸ਼ੁਰੂ ਦੇ ਇਹ ਸ਼ਬਦ ਮੈਨੂੰ ਚੰਗੇ ਲਗਦੇ ਹਨ: ''ਪਰੰਤੂ ਮੈਂ ਆਪਣੀ ਜਾਨ ਨੂੰ ਕਿਸੇ ਤਰ੍ਹਾਂ ਪਿਆਰੀ ਨਹੀਂ ਸਮਝਦਾ।'' ਬਹੁਤ ਸਾਰੀਆਂ ਚੀਜ਼ਾਂ ਨੂੰ ਅਸੀਂ ਕੁਝ ''ਸਮਝਦੇ'' ਹਾਂ: ਸਾਨੂੰ ਆਲੋਚਨਾ, ਮੌਤ, ਅਸਫ਼ਲਤਾ, ਬੀਮਾਰੀ, ਇਕੱਲਾਪਨ, ਨੌਕਰੀ ਦਾ ਖ਼ਤਰਾ, ਭਵਿੱਖ, ਬੁਢਾਪੇ ਤੋਂ ਡਰ ਲਗਦਾ ਹੈ। ਮੈਂ ਨਿੱਜੀ ਫ਼ਿਕਰਾਂ, ਸਿਹਤ ਦੀਆਂ ਮੁਸ਼ਕਲਾਂ ਅਤੇ ਕੰਮ ਨਾਲ ਜੁੜੇ ਬੋਝ ਬਾਰੇ ਬਹਿਸ ਹੋਣ ਦਿੰਦਾ ਹਾਂ। ਦੂਜੇ ਪਾਸੇ ਪੌਲੁਸ ਨੇ ਕਿਹਾ ਕਿ ਉਹਨੂੰ ਸਿਰਫ਼ ਇਹੀ ਧਿਆਨ ਸੀ ਕਿ ਖ਼ੁਦਾ ਵੱਲੋਂ ਦਿੱਤੇ ਹੁਕਮ ਨੂੰ ਪੂਰਾ ਕਰੇ ਅਤੇ ਮਰਨ ਤਕ ਵਫ਼ਾਦਾਰ ਰਹੇ।

ਪ੍ਰਚਾਰਕ ਵਿਚ *ਤਰਸ* ਵਾਲਾ ਵਿਹਾਰ ਹੋਣਾ ਵੀ ਜ਼ਰੂਰੀ ਹੈ। ਉਪਦੇਸ਼ ਵਿਚ ਦੋ ਵਾਰ ਪੌਲੁਸ ਨੇ ਹੰਝੂ ਵਹਿਣ ਦੀ ਗੱਲ ਕੀਤੀ (ਆਇਤਾਂ 19, 31)। ਅਸਲੀ ਮਨੁੱਖ ਰੋ ਸਕਦੇ ਹਨ (ਯੂਹੰਨਾ 11:35; 2 ਕੁਰਿੰਥੀਆਂ 2:4; ਫ਼ਿਲਿੱਪੀਆਂ 3:18)।[24] ਜੇ ਪ੍ਰਚਾਰ ਦੀਆਂ ਜ਼ਰੂਰੀ ਗੱਲਾਂ ਨਾਲ ਤੁਹਾਡੇ ਦਿਲ ਤੇ ਅਸਰ ਨਹੀਂ ਹੁੰਦਾ, ਤਾਂ ਪ੍ਰਚਾਰਕ ਨਾ ਹੀ ਬਣੋ।

## ਐਲਡਰਾਂ ਲਈ ਉਪਦੇਸ਼

ਇਹਦੇ ਬਾਅਦ, ਅਸੀਂ ਐਲਡਰਾਂ ਵੱਲ ਮੁੜਦੇ ਹਾਂ। ਪਹਿਲਾਂ ਅਤੇ ਸਭ ਤੋਂ ਪਹਿਲਾਂ ਇਹ ਉਪਦੇਸ਼ ਐਲਡਰਾਂ ਲਈ ਹੀ ਸੀ (ਆਇਤ 17[25])। ਮੈਂ ਫੇਰ ਕਹਿੰਦਾਂ ਹਾਂ ਕਿ ਬਹੁਤੇ ਲੋਕ ਐਲਡਰ ਨਹੀਂ ਹਨ ਇਸ ਲਈ ਹੋ ਸਕਦਾ ਹੈ ਕਿ ਗ਼ੈਰ-ਐਲਡਰਾਂ ਨਾਲ ਐਲਡਰਾਂ ਦੀ ਗੱਲ ਕਰਨ ਦੀ ਅਹਿਮੀਅਤ ਨਾ ਲੱਗੇ। ਮੈਨੂੰ ਉਮੀਦ ਹੈ ਮੈਂ ਦੁਆ ਕਰਦਾ ਹਾਂ ਕਿ ਬਹੁਤ ਸਾਰੇ ਲੋਕ ਜੋ ਇਸ ਪਾਠ ਦਾ ਅਧਿਐਨ ਕਰਦੇ ਹਨ, ਐਲਡਰ ਬਣਨ ਦੀ ਖ਼ਾਹਿਸ਼ ਕਰਨਗੇ (1 ਤਿਮੋਥਿਉਸ 3:1)। ਫਿਰ ਮੇਰਾ ਮੰਨਣਾ ਹੈ ਕਿ ਖ਼ੁਦਾ ਦੇ ਹਰ ਬਾਲਕ ਨੂੰ ਪਤਾ ਹੋਣਾ ਜ਼ਰੂਰੀ ਹੈ ਕਿ ਲਿਖਤ ਮੁਤਾਬਕ ਐਲਡਰ ਬਣਨ ਲਈ ਕੀ-ਕੀ ਯੋਗਤਾਵਾਂ ਹੋਣੀਆਂ ਜ਼ਰੂਰੀ ਹਨ।

### ਐਲਡਰ ਹੋਣ ਤੋਂ ਭਾਵ ਕੀ ਨਹੀਂ ਹੈ

ਇਕ ਵਾਰ ਫੇਰ, ਨਕਾਰਾਤਮਕ ਤੋਂ ਹੀ ਸ਼ੁਰੂਆਤ ਕਰਦੇ ਹਾਂ। ਐਲਡਰ ਹੋਣ ਦਾ ਵਡਿਆਈ ਅਤੇ ਰੁਤਬਾ ਪਾਉਣ ਨਾਲ ਕੋਈ ਸਬੰਧ ਨਹੀਂ ਹੈ। ਅਫ਼ਸੁਸ ਦੇ ਐਲਡਰਾਂ ਨੂੰ ਦਿੱਤੀ ਪੌਲੁਸ ਦੀ ਹਦਾਇਤ ਨੂੰ ਧਿਆਨ ਨਾਲ ਪੜ੍ਹੋ। ਉਸ ਵਿਚ ਉਹਨੇ ਸਿਰਫ਼ *ਕੰਮ ਅਤੇ ਜ਼ਿੰਮੇਵਾਰੀ* ਦੀ ਹੀ ਗੱਲ ਕੀਤੀ। ਉਹਨੇ ਚਰਵਾਹੇ ਦੀ ਉਦਾਹਰਣ ਦੀ ਵਰਤੋਂ ਕੀਤੀ। ਚਰਵਾਹੀ ਜਾਂ ਪਾਸਬਾਨੀ ਕਰਨਾ ਗੰਦਾ ਅਤੇ ਬਦਬੂਦਾਰ ਕੰਮ ਸੀ ਕਿਉਂਕਿ ਚਰਵਾਹੇ ਨੂੰ ਭੇਡਾਂ ਦੇ ਨਾਲ ਰਹਿਣਾ ਪੈਂਦਾ ਸੀ। ਇਹ ਇਕ ਜੋਖ਼ਿਮ ਭਰਿਆ ਕੰਮ ਸੀ ਜਿਸ ਵਿਚ ਜੰਗਲੀ ਜਾਨਵਰਾਂ ਦਾ ਡਰ ਬਣਿਆ ਰਹਿੰਦਾ ਸੀ। ਇਹ ਦਿਲਖਿੱਚਵਾਂ ਕਾਰੋਬਾਰ *ਨਹੀਂ* ਸੀ।

ਮੈਂ ਫੇਰ ਕਹਿੰਦਾ ਹਾਂ ਕਿ ਐਲਡਰ ਬਣਨਾ ਪੈਸੇ ਕਮਾਉਣ ਜਾਂ ਜ਼ਿੰਦਗੀ ਵਿਚ ਤਰੱਕੀ ਕਰਨ ਲਈ ਨਹੀਂ ਹੈ। ਜੇ ਐਲਡਰਾਂ ਨੂੰ ਤਨਖਾਹ ਦਿੱਤੀ ਜਾਵੇ ਤਾਂ ਇਹ ਵਚਨ ਦੇ ਮੁਤਾਬਕ ਹੀ ਹੈ (1 ਤਿਮੋਥਿਉਸ 5:17, 18),[26] ਪਰ ਪੈਸੇ ਕਮਾਉਣ ਲਈ ਐਲਡਰ ਬਣਨਾ ਸਹੀ ਨਹੀਂ ਹੈ। ਐਲਡਰ ਬਣਨ ਲਈ ਇਕ ਯੋਗਤਾ ਇਹ ਵੀ ਹੋਣੀ ਜ਼ਰੂਰੀ ਹੈ ਕਿ ਉਹ ''ਧਨ ਦਾ ਲੋਭੀ ਨਹੀਂ'' ਹੋਣਾ ਚਾਹੀਦਾ (1 ਤਿਮੋਥਿਉਸ 3:3; ਤੀਤੁਸ 1:7 ਵੀ ਵੇਖੋ; 1 ਪਤਰਸ 5:2)। ਪੌਲੁਸ ਨੇ ਅਫ਼ਸੁਸ ਦੇ ਐਲਡਰਾਂ ਨੂੰ ਸਮਝਾਇਆ ਕਿ ਉਹ ਉਹਦੀ ਨਕਲ ਕਰਨ ਅਤੇ ''ਕਿਸੇ ਦੀ ਚਾਂਦੀ ਜਾਂ ਸੋਨੇ ਜਾਂ ਕੱਪੜੇ ਦਾ ਲੋਭ''[27] ਨਾ ਕਰਨ (ਰਸੂਲਾਂ ਦੇ ਕੰਮ 20:33; ਆਇਤਾਂ 34, 35 ਵੀ ਵੇਖੋ)।

ਫਿਰ ਐਲਡਰ ਹੋਣ ਦਾ ਪੈਰ ਜਮਾਉਣ ਅਤੇ ਆਪਣੀਆਂ ਵੋਟਾਂ ਵਧਾਉਣ ਨਾਲ ਵੀ ਕੋਈ ਸਬੰਧ ਨਹੀਂ ਹੈ। ਬਾਅਦ ਦੇ ਸਾਲਾਂ ਵਿਚ ਕਲੀਸੀਆ ਵਿੱਚੋਂ ਈਮਾਨ ਤੋਂ ਡਿੱਗਣ ਤੇ ਵੀ, ਕਲੀਸੀਆ ਦੇ ਆਗੂਆਂ ਵਿੱਚੋਂ ਕੁਝ ਵੱਡੇ ਤੋਂ ਵੱਡੇ ਇਲਾਕਿਆਂ ਉੱਤੇ ਕਬਜ਼ਾ ਕਰਨ ਲੱਗੇ। ਅਫ਼ਸੁਸ ਦੇ ਐਲਡਰਾਂ ਨੂੰ ਅਫ਼ਸੁਸ ਅਤੇ ਸਿਰਫ਼ ਅਫ਼ਸੁਸ ਦੀ ਹੀ ਕਲੀਸੀਆ ਦੀ ਨਿਗਾਹਬਾਨੀ ਕਰਨ ਦੀ ਜ਼ਿੰਮੇਵਾਰੀ ਮਿਲੀ ਸੀ।[28] ਵਿਲੀਅਮ ਬਾਰਕਲੇ ਨੇ ਕਿਹਾ ਹੈ, ''[ਐਲਡਰ] ਸਥਾਨਕ ਅਧਿਕਾਰੀ ਸਨ ਅਤੇ ਉਨ੍ਹਾਂ ਦਾ ਅਧਿਕਾਰ ਸਿਰਫ਼ ਉੱਥੋਂ ਤਕ ਹੀ ਸੀ ਜਿੱਥੇ ਤਕ ਉਨ੍ਹਾਂ ਨੂੰ ਵੱਖ ਕੀਤਾ ਗਿਆ ਸੀ।''[29]

### ਐਲਡਰ ਹੋਣ ਤੋਂ ਕੀ ਭਾਵ ਹੈ

ਹੁਣ ਵਿਹਾਰਕ ਵੱਲ ਆਉਂਦੇ ਹਾਂ: ਐਲਡਰ ਹੋਣ ਤੋਂ ਭਾਵ ਸਭ ਤੋਂ ਪਹਿਲਾਂ ਇਕ *ਭਲਾ*

*ਮਾਨਸ* ਹੋਣਾ ਜ਼ਰੂਰੀ ਹੈ, ਜੋ ਕਿ ਹਰ ਮਸੀਹੀ ਲਈ ਜ਼ਰੂਰੀ ਹੈ (ਆਇਤ 28; 1 ਪਤਰਸ 5:3 ਵੀ ਵੇਖੋ)।

ਐਲਡਰ ਹੋਣ ਦਾ ਮਤਲਬ ਖ਼ੁਦਾ ਵੱਲੋਂ ਦਿੱਤੀਆਂ ਖ਼ਾਸ *ਯੋਗਤਾਵਾਂ* ਹੋਣਾ ਹੈ। ਪੌਲੁਸ ਨੇ ਅਫ਼ਸੁਸ ਦੇ ਐਲਡਰਾਂ ਨੂੰ ਦੱਸਿਆ ਕਿ *ਪਵਿੱਤਰ ਆਤਮਾ* ਨੇ ਉਨ੍ਹਾਂ ਨੂੰ *ਨਿਗਾਹਬਾਨ* ਠਹਿਰਾਇਆ ਹੈ (ਰਸੂਲਾਂ ਦੇ ਕੰਮ 20:28)। ਅਜਿਹਾ ਐਲਡਰ ਬਣਨ ਦੀਆਂ ਯੋਗਤਾਵਾਂ ਦੀ ਰੂਪ ਰੇਖਾ ਦੇ ਕੇ ਕੀਤਾ (1 ਤਿਮੋਥਿਉਸ 3:1-7; ਤੀਤੁਸ 1:5-9)। ਐਲਡਰਾਂ ਨੂੰ ਭਾਵੇਂ ਮੈਂਬਰਾਂ ਰਾਹੀਂ ਹੀ ਚੁਣਿਆ ਅਤੇ ਠਹਿਰਾਇਆ ਜਾਂਦਾ ਹੈ,[30] ਪਰ ਉਨ੍ਹਾਂ ਨੂੰ *ਇਹ* ਅਹਿਸਾਸ ਵੀ ਹੋਣਾ ਜ਼ਰੂਰੀ ਹੈ ਕਿ ਉਨ੍ਹਾਂ ਨੂੰ ਖ਼ੁਦਾ ਦਾ ਕੰਮ ਕਰਨ ਲਈ ਚੁਣਿਆ ਗਿਆ ਹੈ। ਸਹੀ ਮਾਇਨਿਆਂ ਵਿਚ *ਪਵਿੱਤਰ ਆਤਮਾ* ਨੇ ਉਨ੍ਹਾਂ ਨੂੰ ਨਿਗਾਹਬਾਨ ਠਹਿਰਾਇਆ ਹੈ ਅਤੇ ਉਨ੍ਹਾਂ ਦੀ ਸਭ ਤੋਂ ਪਹਿਲੀ ਜ਼ਿੰਮੇਵਾਰੀ *ਖ਼ੁਦਾ ਪ੍ਰਤੀ* ਹੈ (ਇਬਰਾਨੀਆਂ 13:17)।

ਐਲਡਰ ਹੋਣ ਦਾ ਮਤਲਬ ਰੂਹਾਨੀ ਤੌਰ ਤੇ *ਪਰਿਪੱਕ* ਹੋਣਾ ਹੈ। ਅਨੁਵਾਦ ਹੋਏ ਸ਼ਬਦ ''ਬਜ਼ੁਰਗ'' (ਆਇਤ 17) ਲਈ ਯੂਨਾਨੀ ਸ਼ਬਦ *presbuteros* (ਪ੍ਰੈਸਬਿਉਟ੍ਰੋਸ) ਹੈ। ਐਲਡਰਾਂ ਨੂੰ ''ਪ੍ਰੈਸਬਿਟਰਸ'' ਕਿਹਾ ਜਾ ਸਕਦਾ ਹੈ।[31] ਪ੍ਰੈਸਬਿਉਟ੍ਰੋਸ ਦਾ ਮੂਲ ਅਰਥ ਹੈ ''ਬਜ਼ੁਰਗ [ਆਦਮੀ]।'' ਉਮਰ ਇਕ ਮੁੱਖ ਕਾਰਕ ਹੈ, ਪਰ ਬਹੁਤਾ ਅਹਿਮ ਕਾਰਕ ਪਰਿਪੱਕਤਾ ਹੈ। ਐਲਡਰ ਲਈ ਪਰਿਪੱਕ ਫੈਸਲਾ ਲੈਣ ਵਾਲਾ ਹੋਣਾ ਜ਼ਰੂਰੀ ਹੈ। ਉਸ ਵਿਚ ਗੰਭੀਰ ਹਾਲਾਤ ਵਿਚ ਸਮਝ ਨਾਲ ਕੰਮ ਲੈਣ ਦੀ ਯੋਗਤਾ ਹੋਣੀ ਜ਼ਰੂਰੀ ਹੈ।

ਐਲਡਰ ਹੋਣ ਦਾ ਮਤਲਬ *ਜ਼ਿੰਮੇਵਾਰੀ* ਕਬੂਲਣਾ ਹੈ।[32] ਪੌਲੁਸ ਨੇ ਐਲਡਰਾਂ ਨੂੰ ਦੱਸਿਆ ਸੀ (ਆਇਤ 17) ਕਿ ਪਵਿੱਤਰ ਆਤਮਾ ਨੇ ਉਨ੍ਹਾਂ ਨੂੰ ''ਨਿਗਾਹਬਾਨ'' ਠਹਿਰਾਇਆ ਹੈ (ਆਇਤ 28)। ਅਨੁਵਾਦ ਹੋਏ ਸ਼ਬਦ ''ਨਿਗਾਹਬਾਨ'' ਦਾ ਯੂਨਾਨੀ ਸ਼ਬਦ *episkopos* (ਐਪਿਸਕੋਪੋਸ) ਹੈ,[33] ਜੋ ''ਉੱਪਰੋਂ'' (*epi*) ਅਤੇ ''ਵੇਖਣ'' (*skopos*)[34] ਨੂੰ ਮਿਲਾਉਂਦਾ ਹੈ ਜਿਹਦਾ ਮਤਲਬ ਹੈ ''ਨਿਗਾਹਬਾਨ।''[35] *ਐਪਿਸਕੋਪੋਸ* ਦਾ ਇਕ ਅੰਗ੍ਰੇਜ਼ੀ ਰੂਪ ''ਬਿਸ਼ਪ''[36] ਹੈ (KJV ਵਿਚ ਵੇਖੋ, ਫ਼ਿਲਿੱਪੀਆਂ 1:1; 1 ਤਿਮੋਥਿਉਸ 3:1, 2; 1 ਪਤਰਸ 2:25)। ਨਵੇਂ ਨੇਮ ਦੇ ਜ਼ਮਾਨੇ ਵਿਚ ਐਲਡਰ ਹੋਣ ਦਾ ਮਤਲਬ ਬਿਸ਼ਪ ਹੋਣਾ ਹੀ ਸੀ ਭਾਵ ਦੋਹਾਂ ਸ਼ਬਦਾਂ ਨੂੰ ਅਦਲ ਬਦਲ ਕੇ ਇੱਕੋ ਅਹੁਦੇ ਲਈ ਵਰਤਿਆ ਜਾਂਦਾ ਸੀ (ਰਸੂਲਾਂ ਦੇ ਕੰਮ 20:17, 28; ਤੀਤੁਸ 1:5, 7; 1 ਪਤਰਸ 5:1, 2)।[37]

ਐਲਡਰਾਂ ਦਾ ਕੰਮ ਮੰਡਲੀ ਦੇ ਪੂਰੇ ਕੰਮ ਦੀ ਨਿਗਰਾਨੀ ਰੱਖਣਾ ਹੁੰਦਾ ਸੀ (ਅਤੇ ਹੈ)। ਇੰਤਜ਼ਾਮ ਚਲਾਉਣ ਦੇ ਸਬੰਧ ਵਿਚ ਅਮਰੀਕੀ ਰਾਸ਼ਟਰਪਤੀ ਹੈਰੀ ਟਰੂਮੈਨ ਨੇ ਕਿਹਾ ਸੀ, ''ਇੱਥੇ ਗੱਡੀ ਰੁੱਕ ਗਈ।''[38] ਸਥਾਨਕ ਮੰਡਲੀ ਦੇ ਕੰਮ ਦੇ ਸਬੰਧ ਵਿਚ ਐਲਡਰਾਂ ਤੇ ਆ ਕੇ ''ਗੱਡੀ ਰੁੱਕ ਜਾਂਦੀ ਹੈ।'' ਪਰ ਐਲਡਰ ਆਪਣੇ ਕੰਮ ਨੂੰ ਨੇਪਰੇ ਚਾੜ੍ਹਨ ਲਈ ਮਦਦ ਲੈ ਸਕਦੇ ਹਨ। ਲਿਖਤ ਵਿਚ ਇਸ ਗੱਲ ਦਾ ਸਬੂਤ ਹੈ ਕਿ ਐਲਡਰਾਂ ਨੇ ''ਕਲੀਸੀਆ ਦੀ ਨਿਗਾਹਬਾਨੀ'' ਕਰਨੀ ਹੁੰਦੀ ਸੀ (ਆਇਤ 28), ਭਾਵ ਉਨ੍ਹਾਂ ਦਾ ਕੰਮ ਮੈਂਬਰਾਂ ਨੂੰ ਸਿਖਾ ਕੇ ਰੂਹਾਨੀ ਖ਼ੁਰਾਕ ਦੇਣਾ ਹੁੰਦਾ ਸੀ (ਇਬਰਾਨੀਆਂ 5:12-14)। ਨਾਲ ਹੀ ਪੌਲੁਸ ਨੇ ਕਿਹਾ ਕਿ *ਉਹਨੇ* ਅਫ਼ਸੁਸ ਦੇ ਮਸੀਹੀ ਲੋਕਾਂ ਨੂੰ ਸਿਖਾਇਆ (ਰਸੂਲਾਂ ਦੇ ਕੰਮ 20:20)। ਭਲਾ ਪੌਲੁਸ ਨੇ ਐਲਡਰਾਂ ਦੇ ਕੰਮ ਵਿਚ ਦਖ਼ਲ ਦਿੱਤਾ? ਨਹੀਂ, ਉਹਨੇ ਤਾਂ ਸਿਖਾਉਣ ਦੇ ਅਹਿਮ ਕੰਮ ਵਿਚ ਉਨ੍ਹਾਂ ਨੂੰ ਸਹਿਯੋਗ ਹੀ ਦਿੱਤਾ। ਵਚਨ ਮੁਤਾਬਕ ਇਹ ਜ਼ਰੂਰੀ ਹੈ ਕਿ ਐਲਡਰ ਵੱਖੋ-ਵੱਖ ਜ਼ਿੰਮੇਵਾਰੀਆਂ

ਨੂੰ ਪੂਰਾ ਕਰਨ ਲਈ ਲੋਕਾਂ ਦੀ ਮਦਦ ਲੈਣ (ਜਿਵੇਂ ਅਧਿਆਇ 6 ਵਿਚ ਰਸੂਲਾਂ ਨੇ ਵੀ ਕੀਤਾ[39])। ਨਾਲੇ ਐਲਡਰਾਂ ਨੂੰ ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਮੰਡਲੀ ਦੀ ਨਿਗਾਹਬਾਨੀ ਲਈ ਜ਼ਿੰਮੇਵਾਰ ਉਹੀ ਹਨ ਅਤੇ ਇਕ ਦਿਨ ਉਨ੍ਹਾਂ ਦੀ ਨਿਗਾਹਬਾਨੀ ਦਾ ਹਿਸਾਬ ਉਨ੍ਹਾਂ ਤੋਂ ਮੰਗਿਆ ਜਾਵੇਗਾ[40] (ਇਬਰਾਨੀਆਂ 13: 17)।

ਸਭ ਤੋਂ ਵਧਕੇ, ਐਲਡਰ ਹੋਣ ਤੋਂ ਭਾਵ *ਚਰਵਾਹੀ ਕਰਨਾ* ਹੈ। ਉਪਦੇਸ਼ ਵਿਚ ਜ਼ਿਆਦਾਤਰ ਜਿਸ ਤਸਵੀਰ ਦੀ ਵਰਤੋਂ ਕੀਤੀ ਗਈ ਹੈ ਉਹ ਝੁੰਡ ਦੀ ਫ਼ਿਕਰ ਕਰਨ ਵਾਲਾ ਇਕ ਚੌਕਸ ਚਰਵਾਹਾ ਹੈ। ਐਲਡਰਾਂ ਨੂੰ ਦਿੱਤੀ ਪੌਲੁਸ ਦੀ ਹਦਾਇਤ ਦਾ ਸਾਰ 28 ਅਤੇ 29 ਆਇਤਾਂ ਵਿਚ ਮਿਲਦਾ ਹੈ:

> ਤੁਸੀਂ ਆਪਣੀ,[41] ਨਾਲੇ ਉਸ ਸਾਰੇ ਇੱਜੜ ਦੀ ਖ਼ਬਰਦਾਰੀ ਕਰੋ ਜਿਹ ਦੇ ਉੱਤੇ ਪਵਿੱਤਰ ਆਤਮਾ ਨੇ ਤੁਹਾਨੂੰ ਨਿਗਾਹਾਬਾਨ ਠਹਿਰਾਇਆ ਹੈ ਜੋ ਪ੍ਰਮੇਸ਼ਵਰ ਦੀ ਕਲੀਸੀਆ ਦੀ ਚਰਵਾਹੀ ਕਰੋ[42] ਜਿਹ ਨੂੰ ਉਸ ਨੇ ਆਪਣੇ ਹੀ ਲਹੂ ਨਾਲ ਮੁੱਲ ਲਿਆ ਹੈ।[43] ਮੈਂ ਜਾਣਦਾ ਹਾਂ ਜੋ ਮੇਰੇ ਜਾਣ ਦੇ ਪਿੱਛੋਂ ਬੁਰੇ ਬੁਰੇ ਬਘਿਆੜ ਤੁਹਾਡੇ ਵਿਚ ਆ ਵੜਨਗੇ ਜੋ ਇੱਜੜ ਨੂੰ ਨਾ ਛੱਡਣਗੇ ।

ਅਨੁਵਾਦ ਹੋਏ ਸ਼ਬਦ ''ਚਰਵਾਹੀ ਕਰੋ,'' ''ਚਰਵਾਹਾ'' ਲਈ ਯੂਨਾਨੀ ਸ਼ਬਦ *poimen* ਦਾ ਕ੍ਰਿਆ ਰੂਪ ਹੈ। ਇਸ ਸ਼ਬਦ ਦਾ ਲਾਤੀਨੀ ਰੂਪ ''ਪਾਸਟਰ'' ਹੈ ਜਿਸ ਦੀ ਵਰਤੋਂ ਅਫ਼ਸੀਆਂ 4: 11 ਵਿਚ ਕਲੀਸੀਆ ਦੇ ਆਗੂਆਂ ਦੀ ਸੂਚੀ ਵਿਚ ''ਪਾਸਬਾਨ'' ਦੇ ਰੂਪ ਵਿਚ ਕੀਤੀ ਗਈ ਹੈ। ਧਿਆਨ ਦਿਓ ਕਿ ਰਸੂਲਾਂ ਦੇ ਕੰਮ 20 ਵਿਚ ''ਬਜ਼ੁਰਗ''=''ਬਿਸ਼ਪ''=''ਪਾਸਬਾਨ'' ਹੈ।[44] ਝੁੰਡ ਦੇ ਚਰਵਾਹੇ ਜਾਂ ਰਖਵਾਲੇ/ਪਾਸਬਾਨ, ਬਜ਼ੁਰਗ (ਪ੍ਰਚਾਰਕ ਨਹੀਂ) ਹੁੰਦੇ ਸਨ। ਵਾਰੇਨ ਡਬਲਯੂ. ਵਿਯਰਸਬੇ ਨੇ ਲਿਖਿਆ ਹੈ:

> ਬਜ਼ੁਰਗ/ਬਿਸ਼ਪ (ਐਲਡਰ), ਝੁੰਡਾਂ ਦੇ ''ਪਾਸਬਾਨ (ਚਰਵਾਹੇ)'' ਸਨ, ਜਿਨ੍ਹਾਂ ਦੀ ਮਦਦ ਲਈ ਡੀਕਨ ਹੁੰਦੇ ਸਨ। ... ਨਵੇਂ ਨੇਮ ਦੀਆਂ ਕਲੀਸੀਆਵਾਂ ਵਿਚ ਤਿੰਨ ਅਹੁਦੇ, ਐਲਡਰ, ਬਿਸ਼ਪ ਅਤੇ ਪਾਸਬਾਨ ਸਮਾਨਅਰਥਕ ਸ਼ਬਦ ਸਨ। 1 ਤਿਮੋਥਿਉਸ 3: 1-7 ਅਤੇ ਤੀਤੁਸ 1:5-9 ਵਿਚ ਇਸ ਅਹੁਦੇ ਦੀਆਂ ਯੋਗਤਾਵਾਂ ਦਿੱਤੀਆਂ ਗਈਆਂ ਹਨ।[45]

ਐਲਡਰਾਂ ਦੇ ਕੰਮ ਨੂੰ ਇਕ ਸ਼ਬਦ ਵਿਚ ਦੱਸਣ ਦਾ ਸਭ ਤੋਂ ਵਧੀਆ ਸ਼ਬਦ ''ਚਰਵਾਹੀ ਕਰਨਾ'' ਹੈ। ਜੇ ਤੁਸੀਂ ਇਹ ਜਾਣਨਾ ਚਾਹੁੰਦੇ ਹੋ ਕਿ ਐਲਡਰ ਨੂੰ ਆਪਣਾ ਧਿਆਨ ਕਿਨ੍ਹਾਂ ਕੋਸ਼ਿਸ਼ਾਂ ਉੱਤੇ ਲਾਉਣਾ ਚਾਹੀਦਾ ਹੈ ਤਾਂ ਚਰਵਾਹੇ ਦੀਆਂ ਜ਼ਿੰਮੇਵਾਰੀਆਂ ਤੇ ਧਿਆਨ ਦਿਓ: ਉਹ ਭੇਡਾਂ ਦੇ ਅੱਗੇ ਅੱਗੇ ਚਲਦਾ ਸੀ। ਉਹ ਇਹ ਧਿਆਨ ਰੱਖਦਾ ਸੀ ਕਿ ਉਨ੍ਹਾਂ ਨੂੰ ਖਾਣਾ ਮਿਲ ਗਿਆ ਹੈ ਜਾਂ ਨਹੀਂ।[46] ਉਹ ਉਨ੍ਹਾਂ ਦੇ ਜ਼ਖ਼ਮਾਂ ਦਾ ਇਲਾਜ ਕਰਦਾ ਅਤੇ ਉਨ੍ਹਾਂ ਨੂੰ ਬੰਨ੍ਹਦਾ ਸੀ। ਉਹ ਉਨ੍ਹਾਂ ਨੂੰ ਭਟਕਣ ਤੋਂ ਬਚਾਉਣ ਦੀ ਕੋਸ਼ਿਸ਼ ਕਰਦਾ ਅਤੇ ਜੇ ਉਹ ਭਟਕ ਜਾਂਦੀਆਂ ਤਾਂ ਉਨ੍ਹਾਂ ਨੂੰ ਲੱਭ ਕੇ ਲਿਆਉਂਦਾ ਸੀ। ਫਿਰ ਇਹ ਸਭ ਉਹ ਬਿਨਾਂ ਪੱਖਪਾਤ ਦੇ ਕਰਦਾ ਸੀ। ਪੌਲੁਸ ਨੇ ਕਿਹਾ, ''... *ਸਾਰੇ* ਇੱਜੜ ਦੀ ਖ਼ਬਰਦਾਰੀ ਕਰੋ'' (ਆਇਤ 28)। ਸਾਨੂੰ ਪਾਠ ਵਿਚ

ਪਹਿਲਾਂ ਵਰਤੇ ਇਕ ਪਾਠ ਦੀ ਵਰਤੋਂ ਕਰਨੀ ਚਾਹੀਦੀ ਹੈ: ਜੇ ਕੋਈ *ਸਾਰੇ* ਝੁੰਡ ਨੂੰ ਚਰਾਉਣ ਲਈ ਤਿਆਰ ਨਹੀਂ ਹੈ, ਉਹ ਝੁੰਡ ਵਿੱਚੋਂ *ਕਿਸੇ* ਨੂੰ ਵੀ ਚਰਾਉਣ ਦੇ ਯੋਗ ਨਹੀਂ ਹੈ।

ਪੌਲੁਸ ਨੇ ਚਰਵਾਹੀ ਕਰਨ ਦੇ ਇਕ ਬੇਹੱਦ ਅਹਿਮ ਕੰਮ ਭਾਵ *ਝੁੰਡ ਦੀ ਨਿਗਾਹਬਾਨੀ* ਤੇ ਜ਼ੋਰ ਦਿੱਤਾ। ਉਹਨੇ ਐਲਡਰਾਂ ਨੂੰ ਦੱਸਿਆ ਕਿ ਉਹ ਖ਼ਬਰਦਾਰ ਰਹਿਣ ਕਿਉਂਕਿ ''ਬੁਰੇ ਬੁਰੇ ਬਘਿਆੜ ਤੁਹਾਡੇ ਵਿਚ ਆ ਵੜਨਗੇ ਜੋ ਇੱਜੜ ਨੂੰ ਨਾ ਛੱਡਣਗੇ'' (ਆਇਤਾਂ 28, 29)।[47] ਬਾਈਬਲ ਦੇ ਅਤੇ ਬਾਹਰ ਦੇ ਇਤਿਹਾਸ ਤੋਂ ਪਤਾ ਲਗਦਾ ਹੈ ਕਿ ਅਫ਼ਸੁਸ ਵਿਚ ਉਹ ''ਬਘਿਆੜ'' ''ਝੁੰਡ'' ਵਿਚ ਆ ਵੜੇ ਸਨ ਅਤੇ ਉਹ ਬਘਿਆੜ ਕੋਈ ਹੋਰ ਨਹੀਂ ਸਗੋਂ ਉਹ ਆਗੂ ਹੀ ਸਨ ਜਿਨ੍ਹਾਂ ਨੇ ''ਉਲਟੀਆਂ ਗੱਲਾਂ ਕਰਕੇ ਚੇਲਿਆਂ ਨੂੰ ਆਪਣੇ ਵੱਲ ਖਿੱਚ ਲਿਆ'' (ਆਇਤ 30)। ਨਵਾਂ ਨੇਮ ਅਫ਼ਸੁਸ ਨਾਲ ਜੁੜੇ ਛੇ ਝੂਠੀ ਸਿੱਖਿਆ ਦੇਣ ਵਾਲਿਆਂ ਦੀ ਗੱਲ ਕਰਦਾ ਹੈ।[48] ਯੂਹੰਨਾ ਦੇ ਲੇਖਾਂ ਤੋਂ ਪਤਾ ਲਗਦਾ ਹੈ ਕਿ ਬਾਅਦ ਵਿਚ ਨੌਸਟਿਕ ਮੱਤ[49] ਦੀਆਂ ਬੁਰਾਈਆਂ ਕਾਰਣ ਇਹ ਮੁਸ਼ਕਲ ਆਈ। ਅਖ਼ੀਰ ਆਮ ਲੋਕ ਈਮਾਨ ਤੋਂ ਡਿੱਗ ਗਏ (1 ਤਿਮੋਥਿਉਸ 4:1-5; 2 ਤਿਮੋਥਿਉਸ 3:3; 4:3, 4)। (ਜਿਵੇਂ ਆਮ ਤੌਰ ਤੇ ਕਿਹਾ ਜਾਂਦਾ ਹੈ, ''ਪੋਪ ਉਨ੍ਹਾਂ ਭਟਕ ਜਾਣ ਵਾਲਿਆਂ ਵਿੱਚੋਂ ਇਕ ਬਜ਼ੁਰਗ ਹੈ।'') ਕਲੀਸੀਆ ਦੇ ਅੰਦਰੋਂ ਹੋਣ ਜਾਂ ਬਾਹਰ, ਐਲਡਰਾਂ ਨੂੰ ਝੂਠੀ ਸਿੱਖਿਆ ਤੋਂ ਖ਼ਬਰਦਾਰ ਰਹਿਣ ਦੀ ਲੋੜ ਹੈ।

ਐਲਡਰ ਹੋਣ ਦੀਆਂ ਹੋਰ ਚੁਣੌਤੀਆਂ ਦਾ ਜ਼ਿਕਰ ਕੀਤਾ ਜਾ ਸਕਦਾ ਹੈ ਕਿ ਐਲਡਰ ਬਣਨ ਦਾ ਸਬੰਧ ਕਲੀਸੀਆ ਨਾਲ ਪਿਆਰ ਹੈ (ਆਇਤ 28)। ਯਿਸੂ ਕਲੀਸੀਆ ਲਈ ਮਰ ਗਿਆ। ਚੰਗਾ ਐਲਡਰ ਕਲੀਸੀਆ ਨੂੰ ਨੁਕਸਾਨ ਪਹੁੰਚਾਉਣ ਵਾਲੀ ਕੋਈ ਗੱਲ ਨਹੀਂ ਕਰੇਗਾ ਸਗੋਂ ਉਹ ਉਹਦੇ ਲਈ ਦੁੱਖ ਝੱਲਣ ਲਈ ਤਿਆਰ ਹੋਵੇਗਾ। ਫਿਰ ਐਲਡਰ ਲਈ ਖ਼ੁਦਾ ਦੇ ਵਚਨ ਤੋਂ ਵਾਕਫ਼ ਹੋਣਾ ਜ਼ਰੂਰੀ ਹੈ (ਆਇਤ 32)। ਪੌਲੁਸ ਅਤੇ ਆਤਮਾ ਦੀ ਪ੍ਰੇਰਣਾ ਪਾਏ ਹੋਏ ਹੋਰ ਲੋਕਾਂ ਦੇ ਚਲੇ ਜਾਣ ਤੇ ਉਨ੍ਹਾਂ ਨੂੰ ਕਿਵੇਂ ਪਤਾ ਲਗਣਾ ਸੀ ਕਿ ਉਹ ਕੀ ਕਰਨ? ਪੌਲੁਸ ਨੇ ਉਨ੍ਹਾਂ ਦਾ ਧਿਆਨ ਵਚਨ ਵੱਲ ਦੁਆਇਆ। ਐਲਡਰ ਲਈ ''ਸਿੱਖਿਆ ਦੇਣ ਯੋਗ'' ਹੋਣਾ ਜ਼ਰੂਰੀ ਹੈ (1 ਤਿਮੋਥਿਉਸ 3:2)।

ਐਲਡਰ ਹੋਣਾ ਕੁੱਲ ਮਿਲਾ ਕੇ ਲੋਕਾਂ ਦੀ ਮਦਦ ਲਈ ਹੈ। ਗੱਲ ਮੁਕਾਉਣ ਲਈ ਆਇਤ 32 ਇਕ ਵਧੀਆ ਟਿੱਪਣੀ ਹੋਵੇਗੀ: ''ਹੁਣ ਮੈਂ ਤੁਹਾਨੂੰ ਪ੍ਰਮੇਸ਼ਵਰ ਅਤੇ ਉਹਦੀ ਕਿਰਪਾ ਦੇ ਵਚਨ ਦੇ ਸਪੁਰਦ ਕਰਦਾ ਹਾਂ[50] ਜੋ ਤੁਹਾਨੂੰ ਸਿੱਧ ਬਣਾ ਸਕਦਾ ਹੈ ਅਤੇ ਤੁਹਾਨੂੰ ਸਰਬੱਤ ਪਵਿੱਤਰ ਕੀਤੇ ਹੋਇਆਂ ਵਿਚ ਅਧਿਕਾਰ ਦੇ ਸਕਦਾ ਹੈ।'' ਪਰ ਪੌਲੁਸ ਨੇ ਆਪਣੀ ਗੱਲ ਮੁਕਾਈ ਨਹੀਂ ਸੀ। ਉਹਨੇ ਅੱਗੇ ਕਿਹਾ:

> ਮੈਂ ਕਿਸੇ ਦੀ ਚਾਂਦੀ ਯਾ ਸੋਨੇ ਯਾ ਬਸਤ੍ਰ ਦਾ ਲੋਭ ਨਹੀਂ ਕੀਤਾ। ਤੁਸੀਂ ਆਪ ਜਾਣਦੇ ਹੋ ਭਈ ਮੇਰੇ ਇਨ੍ਹਾਂ ਹੀ ਹੱਥਾਂ ਨੇ ਮੇਰੀਆਂ ਅਤੇ ਮੇਰੇ ਸਾਥੀਆਂ ਦੀਆਂ ਲੋੜਾਂ ਪੂਰੀਆਂ ਕੀਤੀਆਂ। ਮੈਂ ਤੁਹਾਨੂੰ ਸਭਨਾਂ ਗੱਲਾਂ ਵਿਚ ਇਹ ਕਰ ਵਿਖਾਲਿਆ ਭਈ ਤੁਹਾਨੂੰ ਚਾਹੀਦਾ ਹੈ ਕਿ ਓਸੇ ਤਰ੍ਹਾਂ ਮਿਹਨਤ ਕਰ ਕੇ ਨਤਾਣਿਆਂ ਦੀ ਸਹਾਇਤਾ ਕਰੋ[51] ਅਤੇ ਪ੍ਰਭੂ ਯਿਸੂ ਦੇ ਵਚਨ ਚੇਤੇ ਰੱਖੋ ਜੋ ਉਹਨੇ ਆਪ ਫ਼ਰਮਾਇਆ ਸੀ ਭਈ ਲੈਣ ਨਾਲੋਂ ਦੇਣਾ ਹੀ ਮੁਬਾਰਕ ਹੈ[52] (ਆਇਤਾਂ 33-35)।

-ਕੋਈ ਭਾਵੇਂ ਐਲਡਰ, ਡੀਕਨ, ਪ੍ਰਚਾਰਕ ਜਾਂ ਕਿਸੇ ਹੋਰ ਤਰ੍ਹਾਂ ਆਗੂ ਹੋਵੇ, ਅਖ਼ੀਰ ਵਿਚ ਲੋਕਾਂ

ਦੀ ਮਦਦ ਲਈ ਰੂਹਾਨੀ ਅਗਵਾਈ ਦੇਣ ਵਾਲੇ ਹੇਠਾਂ ਹੀ ਆਉਂਦੇ ਹਨ।

## ਹੋਰ ਪਾਪੀਆਂ ਲਈ ਉਪਦੇਸ਼

ਅਖ਼ੀਰ ਵਿਚ ਮੈਂ ਆਪਣੇ ਪਾਠ ਵਿੱਚੋਂ ਕਲੀਸੀਆ ਦੇ ਬਾਕੀ ਲੋਕਾਂ ਲਈ ਸਿੱਖਿਆਵਾਂ ਵੱਲ ਆਉਂਦਾ ਹਾਂ। ਬਹੁਤ ਸਾਰੀਆਂ ਪ੍ਰਾਸੰਗਿਕਤਾਵਾਂ ਜੋ ਐਲਡਰਾਂ ਅਤੇ ਪ੍ਰਚਾਰਕਾਂ ਲਈ ਬਣਾਈਆਂ ਗਈਆਂ ਹਨ ਸਾਡੇ ਉੱਤੇ ਕਿਸੇ ਤੇ ਵੀ ਲਾਗੂ ਹੋ ਸਕਦੀਆਂ ਹਨ ਕਿਉਂਕਿ ਇਕ ਤਰ੍ਹਾਂ ਨਾਲ ਅਸੀਂ ਸਭ ''ਆਗੂ'' ਹਾਂ ਭਾਵ ਸਾਡੇ ਵਿੱਚੋਂ ਹਰ ਕੋਈ ਦੂਜਿਆਂ ਨੂੰ ਪ੍ਰਭਾਵਿਤ ਕਰਦਾ ਹੈ। ਇਸ ਲਈ ਸਾਡੇ ਲਈ ਖ਼ੁਦਾ ਦੇ ਵਚਨ ਦਾ ਅਧਿਐਨ ਕਰਨਾ ਜ਼ਰੂਰੀ ਹੈ (ਆਇਤ 32) ਯਾਨੀ ਸਾਨੂੰ ਸਭ ਨੂੰ ਵਚਨ ਦੇ ਸਿਖਾਉਣ ਵਾਲੇ ਹੋਣਾ ਜ਼ਰੂਰੀ ਹੈ (ਆਇਤ 20); ਸਾਡੇ ਸਭ ਵਿਚ ਸੇਵਕਾਂ ਵਾਲੇ ਮਨ ਹੋਣੇ ਚਾਹੀਦੇ ਹਨ; ਸਾਨੂੰ ਸਭ ਨੂੰ ਨਿਰਸੁਆਰਥ ਭਾਵ ਨਾਲ ਦੂਜਿਆਂ ਦਾ ਧਿਆਨ ਕਰਨਾ ਚਾਹੀਦਾ ਹੈ (ਆਇਤ 35)।

ਫਿਰ ਇਸ ਆਇਤ ਵਿਚ ਸਾਨੂੰ ਉਹ ਸਭ ਕੁਝ ਸਿੱਖਣ ਨੂੰ ਮਿਲਦਾ ਹੈ ਜੋ ਪ੍ਰਚਾਰਕਾਂ ਅਤੇ ਐਲਡਰਾਂ ਵਿਚ ਵੇਖਣਾ ਚਾਹੀਦਾ ਹੈ ਭਾਵ ਇਹ ਕਿ ਸਾਨੂੰ ਅਜਿਹੇ ਪ੍ਰਚਾਰਕਾਂ ਦੀ ਲੋੜ ਹੈ ਜੋ ਸੱਚਾਈ ਦਾ ਪ੍ਰਚਾਰ ਕਰਨ, ਜੋ ਸਾਨੂੰ ਉਹੀ ਗੱਲਾਂ ਦੱਸਣ ਜਿਨ੍ਹਾਂ ਦੀ ਸਾਨੂੰ ਲੋੜ ਹੈ (ਉਹ ਨਹੀਂ ਜੋ ਅਸੀਂ ਸੁਣਨਾ ਚਾਹੁੰਦੇ ਹਾਂ), ਅਤੇ ਜੋ ਅਜਿਹਾ ਤਰਸ ਨਾ ਕਰਨ। ਸਾਨੂੰ ਅਜਿਹੇ ਐਲਡਰਾਂ ਦੀ ਲੋੜ ਹੈ ਜੋ ਪਰਿਪੱਕ, ਚਰਵਾਹੇ ਵਾਂਗ ਜ਼ਿੰਮੇਵਾਰ ਲੋਕ ਹੋਣ।

ਸਭ ਤੋਂ ਵੱਡੀ ਗੱਲ ਮੈਂ ਚਾਹੁੰਦਾ ਹਾਂ ਕਿ ਅਸੀਂ ਸਭ ਇਸ ਅਹੁਦੇ ਵਿੱਚੋਂ ਸਬੰਧਾਂ ਦੇ ਭੇਤ ਨੂੰ ਖ਼ਾਸ ਕਰਕੇ ਕਲੀਸੀਆ ਵਿਚ ਸਬੰਧਾਂ ਨੂੰ ਸਮਝ ਲਈਏ। ਇਸ ਕਹਾਣੀ ਨੂੰ ਪੂਰਣਤਾ ਦੇਣ ਲਈ ਇਸ ਆਇਤ ਵਿਚ ਜੋ ਸ਼ਬਦ ਨਹੀਂ ਹੈ ਉਹ ਹੈ ''ਪਿਆਰ।'' ਪੌਲੁਸ ਨੇ ਅਫ਼ਸੁਸ ਵਿਚ ਦੂਤ ਇਸ ਲਈ ਨਹੀਂ ਭੇਜਿਆ ਕਿ ਉਹ ਉਨ੍ਹਾਂ ਦੀ ਲੀਡਰਸ਼ਿਪ ਟ੍ਰੇਨਿੰਗ ਦੀ ਕਲਾਸ ਲੈਣਾ ਚਾਹੁੰਦਾ ਸੀ, ਅਤੇ ਐਲਡਰਾਂ ਨੇ ਆਉਣ ਜਾਣ ਵਿਚ ਸੱਠ ਮੀਲ ਦਾ ਪੈਂਡਾ ਇਸ ਕਰਕੇ ਨਹੀਂ ਕੀਤਾ ਕਿ ਉਨ੍ਹਾਂ ਨੂੰ ਲਗਦਾ ਸੀ ਕਿ ਪੌਲੁਸ ਵਿਚ ਲੀਡਰਸ਼ਿਪ ਦੇ ਤਕਨੀਕੀ ਗੁਣ ਹੋਣਗੇ। ਪੌਲੁਸ ਦੇ ਉਪਦੇਸ਼ ਦੇ ਬਾਅਦ ਭਾਵ ਭਰਿਆ ਦ੍ਰਿਸ਼ ਨਜ਼ਰ ਆਉਂਦਾ ਹੈ ਕਿ ਪੌਲੁਸ ਨੇ ਉਨ੍ਹਾਂ ਐਲਡਰਾਂ ਨੂੰ ਕਿਉਂ ਸੱਦਿਆ ਅਤੇ ਉਹ ਕਿਉਂ ਆਏ ਸਨ ਕਿਉਂਕਿ ਉਨ੍ਹਾਂ ਦਾ ਆਪਸ ਵਿਚ ਖ਼ਾਸ ਰਿਸ਼ਤਾ ਸੀ।

> ਉਸ ਨੇ ਇਉਂ ਕਹਿ ਕੇ ਗੋਡੇ ਟੇਕੇ ਅਰ ਉਨ੍ਹਾਂ ਸਭਨਾਂ ਦੇ ਨਾਲ ਪ੍ਰਾਰਥਨਾ ਕੀਤੀ। ਉਹ ਸੱਭੋ ਬਹੁਤ ਰੁੰਨੇ ਅਤੇ ਪੌਲੁਸ ਦੇ ਗਲ ਮਿਲ ਮਿਲ ਕੇ ਉਹ ਨੂੰ ਚੁੰਮਿਆ।[53] ਅਰ ਨਿੱਜ ਕਰਕੇ ਇਸ ਗੱਲ ਉੱਤੇ ਬਹੁਤ ਉਦਾਸ ਹੋਏ ਜਿਹੜੀ ਉਹ ਨੇ ਆਖੀ ਸੀ ਭਈ ਤੁਸੀਂ ਮੇਰਾ ਮੂੰਹ ਫਿਰ ਕਦੇ ਨਾ ਵੇਖੋਗੇ,[54] ਅਤੇ ਉਨ੍ਹਾਂ ਜਹਾਜ਼ ਤਾਈਂ ਉਹ ਨੂੰ ਪੁਚਾ ਦਿੱਤਾ (ਆਇਤਾਂ 36-38)।

ਉਨ੍ਹਾਂ ਨੇ ''ਗੋਡੇ ਟੇਕੇ।'' ''ਦੁਆ ਵਿਚ ਗੋਡੇ ਟੇਕਣ'' ਦੀ ਗੱਲ ਐਨੀ ਵਾਰ ਪੜ੍ਹ ਚੁੱਕੇ ਹਾਂ ਕਿ ਸਾਨੂੰ ਲਗਦਾ ਹੈ ਕਿ ਬਾਈਬਲ ਦੇ ਜ਼ਮਾਨੇ ਵਿਚ ਦੁਆ ਕਰਨ ਦਾ ਇਹ ਸਭ ਤੋਂ ਪ੍ਰਚੱਲਿਤ ਢੰਗ ਸੀ, ਪਰ ਆਮ ਤੌਰ ਤੇ ਦੁਆ ਕਰਨ ਵੇਲੇ ਲੋਕ ਖੜੇ ਹੀ ਰਹਿੰਦੇ ਸਨ। ਬਾਈਬਲ ਵਿਚ ਦੁਆ ਕਰਦੇ ਲੋਕਾਂ ਨੂੰ ਗੋਡੇ ਟੇਕਦੇ ਹੋਏ ਵੇਖ ਕੇ ਕਈ ਵਾਰ ਉਨ੍ਹਾਂ ਵਿਚ ਦੋਸ਼ੀ ਹੋਣ ਜਾਂ ਲਚਾਰੀ

ਦੀ ਭਾਵਨਾ ਮਿਲਦੀ ਹੈ। ਮਿਲੇਤੁਸ ਵਿਚ ਐਲਡਰ ਸੋਗ ਵਿਚ ਪਏ ਹੋਏ ਸਨ। ਰੋਣ, ਪੌਲੁਸ ਨਾਲ ਗਲੇ ਮਿਲਣ ਅਤੇ ਬਾਰ-ਬਾਰ ਉਸ ਨੂੰ ਚੁੰਮਣ ਦੇ ਬਾਅਦ ਉਹ ਉਸ ਨੂੰ ਉੱਥੋਂ ਜਾਂਦਿਆਂ ਵੇਖਣ ਲਈ ਜਹਾਜ਼ ਤਕ ਗਏ। ਅਧਿਆਇ 21 ਦੀ ਪਹਿਲੀ ਆਇਤ ਮੂਲ ਭਾਸ਼ਾ ਤੋਂ ਸ਼ੰਕੇਤ ਮਿਲਦਾ ਹੈ ਕਿ ਪੌਲੁਸ ਅਤੇ ਹੋਰ ਲੋਕਾਂ ਨੂੰ ਭਾਈਆਂ ਤੋਂ ਦੂਰ *ਹੋਣਾ ਪੈਣਾ ਸੀ* (ਵੇਖੋ NIV)। ਮੈਂ ਉਨ੍ਹਾਂ ਐਲਡਰਾਂ ਦੀ ਅੱਡੀਆਂ ਚੁੱਕ-ਚੁੱਕ ਨਜ਼ਰੋਂ ਓਹਲੇ ਹੋਣ ਤਕ ਜਹਾਜ਼ ਵੱਲ ਹੱਥ ਵਿਖਾਉਂਦਿਆਂ ਦੀ ਕਲਪਨਾ ਕਰ ਸਕਦਾ ਹੈ।

ਪੌਲੁਸ ਅਤੇ ਅਫ਼ਸੁਸ ਦੇ ਬਜ਼ੁਰਗਾਂ ਵਿਚ ਇਕ ਬੜਾ ਖਾਸ ਰਿਸ਼ਤਾ ਸੀ। ਐਲਡਰਾਂ ਅਤੇ ਪ੍ਰਚਾਰਕਾਂ ਨੂੰ ਇਕ ਦੂਜੇ ਦੀ ਪਰਵਾਹ ਕਰਨੀ ਚਾਹੀਦੀ ਹੈ। ਫਿਰ ਇਹ ਰਿਸ਼ਤਾ ਪ੍ਰਚਾਰਕ ਤੋਂ ਮੈਂਬਰ, ਐਲਡਰ ਤੋਂ ਮੈਂਬਰ ਅਤੇ ਮੈਂਬਰ ਤੋਂ ਮੈਂਬਰ ਦੇ ਰਿਸ਼ਤੇ ਤਕ ਵਧਣਾ ਚਾਹੀਦ ਹੈ। ਮੈਂ ਹਰ ਪ੍ਰਚਾਰਕ ਨੂੰ ਆਖਾਂਗਾ ਕਿ ਹਰ ਮੈਂਬਰ ਦਾ ਆਦਰ ਕਰੋ ਅਤੇ ਆਪਣੇ ਐਲਡਰਾਂ ਦਾ ਵੀ ਆਦਰ ਕਰੋ। ਮੈਂ ਹਰ ਐਲਡਰ ਨੂੰ ਆਖਾਂਗਾ ਕਿ ਉਹ ਆਪਣੇ ਪ੍ਰਚਾਰਕ ਦੀ ਹਮਾਇਤ ਕਰਨ ਅਤੇ ਹਰ ਮੈਂਬਰ ਨਾਲ ਨਰਮਾਈ ਨਾਲ ਪੇਸ਼ ਆਉਣ। ਮੈਂ ਹਰ ਮੈਂਬਰ ਨੂੰ ਆਖਾਂਗਾ ਕਿ ਯਾਦ ਰੱਖੋ ਕਿ ਐਲਡਰਾਂ ਅਤੇ ਪ੍ਰਚਾਰਕਾਂ ਦਾ ਕੰਮ ਹੋ ਰਿਹਾ ਹੈ ਅਤੇ ਆਪਣੇ ਆਪ ਤੋਂ ਪੁੱਛੋ ਕਿ ''ਮੇਰੇ ਕਰਕੇ ਉਹ ਕੰਮ ਅਸਾਨ ਹੋਇਆ ਹੈ ਜਾਂ ਔਖਾ?''

ਕਲੀਸੀਆ ਵਿਚ ਦਿਲ ਦੀ ਗੱਲ ਦਿਲ ਨਾਲ ਕਰਨਾ ਮੈਨੂੰ ਚੰਗਾ ਲਗਦਾ ਹੈ, ਇਸ ਨਾਲ ਕਈ ਮੁਸ਼ਕਲਾਂ ਹੱਲ ਹੋ ਜਾਣਗੀਆਂ।

## ਸਾਰ

ਇਸ ਪਾਠ ਦੇ ਸਿਰਲੇਖ ਵਿਚ ਮੈਂ ''ਪਾਪੀਆਂ'' ਸ਼ਬਦ ਦੀ ਵਰਤੋਂ ਇਸ ਲਈ ਕੀਤੀ ਹੈ ਕਿਉਂਕਿ ਸਾਡੇ ਵਿੱਚੋਂ ਕੋਈ ਵੀ ਅਜਿਹਾ ਨਹੀਂ ਹੈ ਜਿਹੋ ਜਿਹਾ ਸਾਨੂੰ ਹੋਣਾ ਚਾਹੀਦਾ ਹੈ (ਰੋਮੀਆਂ 3:23)। ਖ਼ੁਦਾ ਦੀ ਮਦਦ ਨਾਲ ਅਸੀਂ ਸਭ ਬੇਹਤਰ ਕਰ ਸਕਦੇ ਹਾਂ, ਪਰ ਇਹਦੇ ਨਾਲ ਹੀ ਚਾਹੀਦਾ ਹੈ ਕਿ ਇਕ ਦੂਜੇ ਨਾਲ ਸਹਿਨਸ਼ੀਲਤਾ ਵੀ ਵਿਖਾਈਏ!

ਰਿਸ਼ਤਿਆਂ ਤੇ ਚਰਚਾ ਨਾਲ ਅਸੀਂ ਇਸ ਪਾਠ ਨੂੰ ਖ਼ਤਮ ਕਰਦੇ ਹਾਂ। ਕਲੀਸੀਆ ਦੇ ਦੂਜੇ ਮੈਂਬਰਾਂ ਨਾਲ ਤੁਹਾਡਾ ਰਿਸ਼ਤਾ ਕਿਹੋ ਜਿਹਾ ਹੈ? ਭਲਾ ਪੌਲੁਸ ਵਾਂਗ ਛੱਡ ਕੇ ਜਾਣ ਤੇ ਤੁਹਾਡੇ ਲਈ ਕੋਈ ਰੋਵੇਗਾ? ਇਸ ਤੋਂ ਵੀ ਵੱਡੀ ਗੱਲ, ਪ੍ਰਭੂ ਨਾਲ ਤੁਹਾਡਾ ਰਿਸ਼ਤਾ ਕਿਹੋ ਜਿਹਾ ਹੈ? ਭਲਾ ਤੁਸੀਂ ਓਸੇ ਕਲੀਸੀਆ ਵਿਚ ਹੋ ਜਿਹਦੇ ਲਈ ਉਹ ਮਰਿਆ ਸੀ (ਆਇਤ 28)? ਪੌਲੁਸ ਨੇ ਅਫ਼ਸੁਸ ਵਿਚ ਤੌਬਾ ਅਤੇ ਵਿਸ਼ਵਾਸ ਦਾ ਪ੍ਰਚਾਰ ਕੀਤਾ ਸੀ (ਆਇਤ 21)। ''ਤੌਬਾ'' ਤੋਂ ਭਾਵ ਮਨ ਬਦਲਨਾ ਅਤੇ ਆਪਣਾ ਰਾਹ ਬਦਲਣ ਦਾ ਤਹੱਈਆ ਕਰਨਾ ਹੈ। ''ਵਿਸ਼ਵਾਸ'' ਜਾਂ ਨਿਹਚਾ ਪ੍ਰਭੂ ਦੀ ਗੱਲ ਪੂਰੀ ਤਰ੍ਹਾਂ ਮੰਨਣਾ ਹੈ, ਜਿਸ ਵਿਚ ਬਪਤਿਸਮਾ ਲੈਣਾ ਵੀ ਆਉਂਦਾ ਹੈ (ਅਫ਼ਸੀਆਂ 4:5)। ਭਲਾ ਤੁਹਾਨੂੰ ਪ੍ਰਭੂ ਉੱਤੇ ਐਨਾ ਭਰੋਸਾ ਹੈ ਕਿ ਤੁਸੀਂ ਉਹਦੀ ਮਰਜ਼ੀ ਨੂੰ ਪੂਰਾ ਕਰ ਸਕੋ (ਮਰਕੁਸ 16:16)? ਜੇ ਇਨਸਾਨਾਂ ਅਤੇ ਪ੍ਰਭੂ ਨਾਲ ਰਿਸ਼ਤੇ ਸੁਧਾਰਣ ਦੀ ਤੁਹਾਨੂੰ ਲੋੜ ਹੈ ਤਾਂ ਉਸ ਰਿਸ਼ਤੇ ਨੂੰ ਸੁਧਾਰਣ ਦਾ ਸਮਾਂ *ਹੁਣੇ* ਹੈ।

## ਵਿਜ਼ੁਅਲ-ਏਡ ਨੋਟਸ

ਆਪਣੇ ਸੁਣਨ ਵਾਲਿਆਂ ਦੇ ਮਨਾਂ ਵਿਚ ਇਸ ਮੁੱਖ ਜਾਣਕਾਰੀ ਦਾ ਅਸਰ ਛੱਡਣ ਲਈ ਐਲਡਰਾਂ ਲਈ ਬਾਈਬਲ ਦੇ ਵੱਖੋ ਵੱਖ ਸ਼ਬਦਾਂ ਦੇ ਚਾਰਟ ਦੀ ਵਰਤੋਂ ਕਰੋ। ਚਾਰਟ ਕੁਝ ਇਸ ਤਰ੍ਹਾਂ ਦਾ ਹੋ ਸਕਦਾ ਹੈ:

**ਪ੍ਰਭੂ ਦੀ ਕਲੀਸੀਆ ਦੇ ਐਲਡਰ**

ਐਲਡਰ/ਪ੍ਰੈਸਬਿਟਰ-ਬਜ਼ੁਰਗ ਅਤੇ ਵਧੇਰੇ ਪਰਿਪੱਕ
(1 ਤਿਮੋਥਿਉਸ 5:17; 1 ਪਤਰਸ 5:5)

ਬਿਸ਼ਪ/ਨਿਗਾਹਬਾਨ-ਮੰਡਲੀ ਦੀ ਜ਼ਿੰਮੇਵਾਰੀ
(ਫ਼ਿਲਿੱਪੀਆਂ 1:1)

ਪਾਸਟਰ (ਪਾਸਬਾਨ)/ਚਰਵਾਹੇ-ਮੈਂਬਰਾਂ ਦੀਆਂ ਰੂਹਾਨੀ ਲੋੜਾਂ ਨੂੰ ਪੂਰਾ ਕਰਨਾ
(1 ਪਤਰਸ 5:2 ,3)

## ਸਰਮਨ ਨੋਟਸ

ਵਿਲੀਅਮ ਬਾਰਕਲੇ ਨੇ ਕਿਹਾ ਹੈ, ''ਅਜਿਹੀਆਂ ਭਾਵਨਾਵਾਂ ਨਾਲ ਭਰੇ ਵਿਦਾਈ ਸੰਦੇਸ਼ ਦਾ ਚੰਗੀ ਤਰ੍ਹਾਂ ਵਿਸ਼ਲੇਸ਼ਣ ਕਰਨਾ ਸੰਭਵ ਨਹੀਂ ਹੈ।''[55] ਪਰ ਇਹ ਸੰਦੇਸ਼ ਆਪਣੇ ਆਪ ਹੀ ਦੋ ਹਿੱਸਿਆਂ ਵਿਚ ਵੰਡਿਆ ਜਾਂਦਾ ਹੈ: ਪੌਲੁਸ ਦਾ ਆਪਣੇ ਕੰਮ ਦਾ ਹਵਾਲਾ (ਆਇਤਾਂ 18-27) ਅਤੇ ਐਲਡਰਾਂ ਲਈ ਆਦੇਸ਼ (ਆਇਤਾਂ 28-35)। ਇਕ ਇਕ ਆਇਤ ਤੇ ਵਿਚਾਰ ਕਰਨ ਦੀ ਬਜਾਏ ਮੈਂ ਇਸ ਸਮੱਗਰੀ ਨੂੰ ਵਿਸ਼ੇ ਵਾਰ ਲਿਆ ਹੈ। ਰਵਾਇਤੀ ਢੰਗ ਨਾਲ ਅਧਿਐਨ ਕਰਨ ਵਾਲਿਆਂ ਲਈ ਮੈਂ ਟਿੱਪਣੀਆਂ ਵਿਚ ਨੋਟਸ ਦਿੱਤੇ ਹਨ। ਵਾਰੇਨ ਡਬਲਯੂ. ਵਿਅਰਸਬੇ ਨੇ ਇਸ ਸਮਗੱਰੀ ਦੀ ਰੂਪ ਰੇਖਾ ਇਸ ਤਰ੍ਹਾਂ ਦਿੱਤੀ ਹੈ:

I. ਅਤੀਤ ਦੀ ਸਮੀਖਿਆ (20:18-21)।
    - ੳ. ਪੌਲੁਸ ਦੀ ਸੇਵਕਾਈ ਦਾ ਢੰਗ (ਆਇਤਾਂ 18, 19)।
    - ਅ. ਪੌਲੁਸ ਦੀ ਸੇਵਕਾਈ ਦਾ ਮਕਸਦ (ਆਇਤ 19)।
    - ੲ. ਪੌਲੁਸ ਦੀ ਸੇਵਕਾਈ ਦਾ ਸੰਦੇਸ਼ (ਆਇਤਾਂ 20, 21)।

II. ਵਰਤਮਾਨ ਦੀ ਗਵਾਹੀ (20:22-27)। (ਪੌਲੁਸ ਨੇ ਛੇ ਉਪਮਾਵਾਂ ਦੀ ਵਰਤੋਂ ਕੀਤੀ: ਮੁਨੀਮ, ਦੌੜਾਕ, ਭੰਡਾਰੀ, ਗਵਾਹ, ਮੁਨਾਦ, ਅਤੇ ਚੌਂਕੀਦਾਰ।)

III. ਭਵਿੱਖ ਦੀ ਚਿਤਾਵਨੀ (20:28-38)।
    - ੳ. ਸਾਡੇ ਆਲੇ ਦੁਆਲੇ ਦਾ ਖ਼ਤਰਾ (ਆਇਤ 29)।
    - ਅ. ਸਾਡੇ ਨਾਲ ਰਹਿਣ ਵਾਲਿਆਂ ਦਾ ਖ਼ਤਰਾ (ਆਇਤ 30)।
    - ੲ. ਸਡੇ ਅੰਦਰੋਂ ਖ਼ਤਰਾ (ਆਇਤਾਂ 31-35)।

ਇਸ ਸਰਮਨ ਦੀ ਸਮੱਗਰੀ ਦੋ ਜਾਂ ਇਸ ਤੋਂ ਵੱਧ ਸੰਦੇਸ਼ਾਂ ਲਈ ਫ਼ਾਇਦੇਮੰਦ ਹੋ ਸਕਦੀ

ਹੈ। ਇਕ ਸੰਦੇਸ਼ ਐਲਡਰਾਂ ਅਤੇ ਉਨ੍ਹਾ ਦੀਆਂ ਜ਼ਿੰਮੇਵਾਰੀਆਂ ਤੇ ਹੋ ਸਕਦਾ ਹੈ। ਆਉਣ ਵਾਲੀ ਬੇਦੀਨੀ ਤੇ ਪੌਲੁਸ ਦੀ ਚਿਤਾਵਨੀ ਦੇਣ ਲਈ ਇਕ ਵੱਖਰਾ ਸੰਦੇਸ਼ ਹੋ ਸਕਦਾ ਹੈ (ਆਇਤਾਂ 28-31)। ਇਹ ਇਤਿਹਾਸ ਦੀ ਗੱਲ ਹੈ ਕਿ ਆਪਣੀਆਂ ਹੱਦਾਂ ਲੰਘਣ ਤੇ ਬੇਦੀਨੀ ਦੀ ਸ਼ੁਰੂਆਤ ਕਲੀਸੀਆ ਦੇ ਰਹਿਨੁਮਾਵਾਂ ਤੋਂ ਹੀ ਹੋਈ। ਬੇਦੀਨੀ ਨਾਲ ਜੁੜੀਆਂ ਹੋਰ ਨਬੂਵਤਾਂ ਲਈ ਵੇਖੋ ਮੱਤੀ 7:15-23; 2 ਕੁਰਿੰਥੀਆਂ 11:3; 2 ਥੱਸਲੁਨੀਕੀਆਂ 2:1-12; 2 ਪਤਰਸ 2:1-3; 3:1-7; ਪ੍ਰਕਾਸ਼ ਦੀ ਪੋਥੀ 17:3-6; 18:1-5.

ਪੌਲੁਸ ਵਾਂਗ ਉਸ ਮੰਡਲੀ ਵਿਚ ਜਿੱਥੇ ਤੁਸੀਂ ਸੇਵਾ ਕੀਤੀ ਹੈ ਬੋਲਣ ਲਈ ਇਹ ਪਾਠ ਤੁਹਾਡੀ ''ਵਿਦਾਈ'' ਦਾ ਸੰਦੇਸ਼ ਅਤੇ ਮੰਡਲੀ ਅਤੇ ਖ਼ਾਸ ਕਰਕੇ ਪ੍ਰਭੂ ਦੀ ਸੇਵਾ ਵਿਚ ਵਫ਼ਾਦਾਰੀ ਨਾਲ ਚਲਦੇ ਰਹਿਣ ਲਈ ਆਗੂਆਂ ਨੂੰ ਹਦਾਇਤ ਹੋ ਸਕਦਾ ਹੈ।

---

ਟਿੱਪਣੀਆਂ

[1]14:14-18 ਨੂੰ ਮਿਲਾ ਲਿਆ ਜਾਵੇ, ਤਾਂ ਰਸੂਲਾਂ ਦੇ ਕੰਮ ਵਿਚ 8 ਉਪਦੇਸ਼ ਹਨ। *ਟਰੁੱਥ ਫ਼ਾਰ ਟੁਡੇ* ਦੀ ਕਿਤਾਬ ''ਰਸੂਲਾਂ ਦੇ ਕੰਮ, 3'' ਵਿਚ ''ਪੂਜਾ ਤੋਂ ਗਾਲਾਂ ਤਕ'' ਪਾਠ ਵਿਚ ਰਸੂਲਾ ਦੇ ਕੰਮ 14:14-18 ਤੇ ਨੋਟਸ ਵੇਖੋ। [2]ਬਾਅਦ ਵਿਚ ਰੋਮ ਦੀ ਕੈਦ ਤੋਂ ਛੁੱਟਣ ਦੇ ਬਾਅਦ ਪੌਲੁਸ ਤ੍ਰੋਆਸ ਵਿਚ ਫੇਰ ਗਿਆ (2 ਤਿਮੋਥਿਉਸ 4:13)। ਕਈਆਂ ਦਾ ਕਿਆਫ਼ਾ ਹੈ ਕਿ ਉਹ ਉੱਥੇ ਗ੍ਰਿਫ਼ਤਾਰ ਹੋ ਗਿਆ ਸੀ। [3]ਅੱਸੁਸ ਅਤੇ ਪਾਠ ਵਿਚ ਦਿੱਤੇ ਹੋਰ ਥਾਵਾਂ ਲਈ ''ਪੌਲੁਸ ਦੀ ਤੀਜੀ ਮਿਸ਼ਨਰੀ ਯਾਤਰਾ'' ਵਾਲਾ ਨਕਸ਼ਾ ਵੇਖੋ। ਅਫ਼ਸੁਸ ਤ੍ਰੋਆਸ ਤੋਂ ਜ਼ਮੀਨੀ ਰਾਹ ਰਾਹੀਂ 20 ਕੁ ਮੀਲ ਅਤੇ ਸਮੁੰਦਰੀ ਰਾਹ 'ਚੋਂ ਦੀ ਚਾਲੀ ਮੀਲ ਦੂਰ ਪ੍ਰਾਇਦੀਪ ਦੇ ਸਾਹਮਣੇ ਸੀ। [4]ਇਹਦੀ ਤੁਲਨਾ ਮਰਕੁਸ 6:45, 46 ਵਿਚ ਯਿਸੂ ਦੇ ਕੰਮਾਂ ਨਾਲ ਕਰੋ। ਪਿਛਲੀ ਰਾਤ ਪੌਲੁਸ ਸੌਂ ਨਹੀਂ ਸਕਿਆ ਸੀ, ਇਸ ਕਰਕੇ ਜਹਾਜ਼ ਵਿਚ ਸੌਣ ਦੀ ਥਾਂ ਵੀਹ ਮੀਲ ਪੈਦਲ ਚੱਲਣ ਦਾ ਉਹਦੇ ਕੋਲ ਜ਼ਬਰਦਸਤ ਕਾਰਣ ਸੀ। [5]ਪੌਲੁਸ ਅਜਿਹੇ ਜਹਾਜ਼ ਵਿਚ ਬੈਠਿਆ ਸੀ ਜੋ ਕਈ ਸ਼ਹਿਰਾਂ ਵਿਚ ਰੁਕਿਆ ਸੀ (ਉਸ ਲੋਕਲ ਗੱਡੀ ਵਾਂਗ ਜੋ ਥਾਂ-ਥਾਂ ਰੁਕਦੀ ਹੈ)। ਬਾਅਦ ਵਿਚ ਉਹ ਅਜਿਹੇ ਜਹਾਜ਼ ਵਿਚ ਬੈਠਿਆ ਜੋ ਘੱਟ ਥਾਵਾਂ ਤੇ ਰੁਕਦਾ ਸੀ (21:2; ਐਕਸਪ੍ਰੈਸ ਗੱਡੀ ਵਾਂਗ)। [6]ਮਿਤੁਲੇਨੇ ਲਿਸਬੋਸ ਟਾਪੂ ਦੇ ਦੱਖਣ ਪੂਰਬੀ ਕੰਢੇ ਤੇ ਇਕ ਬਦਰਗਾਹ ਸੀ। [7]ਖੀਓਸ ਅਤੇ ਸਾਮੁਸ ਦੋ ਟਾਪੂ ਸਨ। [8]ਵੈਸਟਰਨ ਟੈਕਸਟ ਵਿਚ ਇੱਥੇ ''ਅਤੇ ਟ੍ਰੋਗਿਲਿਉਮ ਵਿਚ ਰੁਕੇ'' ਜੋੜਿਆ ਗਿਆ ਹੈ (ਵੇਖੋ KJV)। [9]ਮਿਲੇਤੁਸ ਇਕ ਮਹੱਤਵਪੂਰਣ ਬੰਦਰਗਾਹ ਸੀ। ਅਫ਼ਸੁਸ ਦੇ ਨੇੜੇ ਹੋਣ ਕਰਕੇ ਇਹ ਵੇਖਣ ਵਿਚ ਛੋਟੀ ਲਗਦੀ ਸੀ, ਪਰ ਇਹ ਇਕ ਵੱਡਾ ਅਤੇ ਮਹੱਤਵਪੂਰਣ ਸ਼ਹਿਰ ਸੀ। [10]ਬੇਸ਼ਕ ਪੌਲੁਸ ਅਫ਼ਸੁਸ ਵਿਚ ਜਾਣਾ ਚਾਹੁੰਦਾ ਹੋਵੇਗਾ, ਪਰ ਜੇ ਪੈਂਟੀਕਾਸਟ ਵਾਲੇ ਦਿਨ ਤਕ ਯਰੂਸ਼ਲਮ ਪਹੁੰਚਣਾ ਸੀ, ਤਾਂ ਉਹਦੇ ਕੋਲ ਰੁਕਣ ਦਾ ਸਮਾਂ ਨਹੀਂ ਸੀ: (1) ਸਾਫ਼ ਹੈ ਕਿ ਜਿਸ ਜਹਾਜ਼ ਵਿਚ ਪੌਲੁਸ ਬੈਠਿਆ ਸੀ ਉਹ ਅਫ਼ਸੁਸ ਵਿਚ ਨਹੀਂ ਰੁਕਦਾ ਸੀ। ਅਫ਼ਸੁਸ ਵਿਚ ਰੁਕਣ ਲਈ ਪੌਲੁਸ ਨੂੰ ਖੀਓਸ ਵਿਚ ਉਤਰ ਕੇ ਅਫ਼ਸੁਸ ਜਾਣ ਵਾਲੀ ਕੋਈ ਬੇੜੀ ਲੈ ਕੇ, ਉੱਥੋਂ ਦੀ ਯਰੂਸ਼ਲਮ ਜਾਣ ਵਾਲੇ ਕਿਸੇ ਹੋਰ ਜਹਾਜ਼ ਨੂੰ ਲੱਭਣਾ ਪੈਣਾ ਸੀ। (2) ਪੌਲੁਸ ਨੂੰ ਅਫ਼ਸੁਸ ਤੋਂ ਛੇਤੀ ਨਿੱਕਲਣਾ ਅਸੰਭਵ ਹੋਵੇਗਾ। ਉੱਥੇ ਉਹਦੇ ਕਈ ਦੋਸਤ ਸਨ ਅਤੇ ਪੂਰਬ ਦੇ ਲੋਕ ਮਹਿਮਾਨ-ਨਵਾਜ਼ੀ ਤਰ੍ਹਾਂ-ਤਰ੍ਹਾਂ ਦੇ ਪਕਵਾਨਾਂ ਅਤੇ ਜਸ਼ਨ ਨਾਲ ਕਰਦੇ ਸਨ। (3) ਪੌਲੁਸ ਕਿਸੇ ਹੋਰ ਫ਼ਸਾਦ ਵਿਚ ਵੀ ਫ਼ਸ ਸਕਦਾ ਸੀ (ਇਸ ਕਰਕੇ ਉਹ ਇਕ ਫ਼ਸਾਦ ਦੇ ਫ਼ੌਰਨ ਬਾਅਦ ਅਫ਼ਸੁਸ ਵਿੱਚੋਂ ਨਿੱਕਲ ਗਿਆ [20:1])।

[11]ਪੌਲੁਸ ਪਰਬ ਵਾਲੇ ਦਿਨ ਯਰੂਸ਼ਲਮ ਵਿਚ ਰਹਿਣਾ ਚਾਹੁੰਦਾ ਹੋਵੇਗਾ। ਪਹਿਲਾਂ ਹੀ ਪਸਾਹ ਵਾਲੇ ਦਿਨ ਉਹ ਉੱਥੇ ਨਹੀਂ ਸੀ (20:6) ਅਤੇ ਪੈਂਟੀਕਾਸਟ ਵਾਲੇ ਦਿਨ ਤਕ ਤੀਜਾ ਹਿੱਸਾ ਸਮਾਂ ਨਿੱਕਲ ਚੁੱਕਾ ਸੀ, ਜਿਸ ਕਰਕੇ ਉਹਨੂੰ ਲੱਗਾ ਕਿ ਉਹਨੂੰ ਛੇਤੀ ਜਾਣਾ ਚਾਹੀਦਾ ਹੈ। ਪੌਲੁਸ ਪੈਂਟੀਕਾਸਟ ਵਾਲੇ ਦਿਨ ਉੱਥੇ ਕਿਉਂ ਪਹੁੰਚਣਾ ਚਾਹੁੰਦਾ ਸੀ? ਪੈਟੀਕਾਸਟ ਵਾਲੇ ਦਿਨ ਯਰੂਸ਼ਲਮ ਵਿਚ ਰਹਿਣ ਦੇ ਪੌਲੁਸ ਦੇ ਕਈ ਕਾਰਣ ਹੋ ਸਕਦੇ ਹਨ (ਦੂਰੋਂ ਦੂਰੋਂ ਆਏ ਸੱਜਣਾਂ ਮਿੱਤਰਾਂ ਨਾਲ ਮਿਲਣਾ, ਆਪਣੀ ਯਹੂਦੀ ਵਿਰਾਸਤ ਨੂੰ ਮਨਾਉਣਾ, ਪ੍ਰਚਾਰ ਲਈ ਮਿਲੇ ਮੌਕੇ

ਦਾ ਫ਼ਾਇਦਾ ਉਠਾਉਣਾ ਆਦਿ); ਪਰ ਉਹ ਯਰੂਸ਼ਲਮ ਵਿਚ ਉੱਥੋਂ ਦੇ ਗ਼ਰੀਬਾਂ ਲਈ ਚੰਦਾ ਇਕੱਠਾ ਕਰਨ ਜਾ ਰਿਹਾ ਸੀ, ਇਸ ਕਰਕੇ ਉਹਦਾ ਮੁੱਖ ਮਕਸਦ ਉਸ ਚੰਦੇ ਨਾਲ ਹੀ ਜੁੜਿਆ ਹੋਇਆ ਸੀ। ਵੱਧ ਲੋਕਾਂ ਤੋਂ ਵੱਧ ਨੂੰ ਇਸ ਚੰਦੇ ਬਾਰੇ ਪਤਾ ਲੱਗਣ ਨਾਲ ਇਹਦਾ ਹੋਰ ਪ੍ਰਭਾਵ ਹੋਣਾ ਸੀ; ਅਤੇ ਸਾਰੇ ਯਹੂਦੀਆ ਤੋਂ ਆਏ ਯਹੂਦੀ ਮਸੀਹੀਆਂ ਨੇ ਇਸ ਚੰਦੇ ਨੂੰ ਹੋਰ ਅਸਾਨ ਕਰ ਦੇਣਾ ਸੀ। [12]ਉਹ ਉਨ੍ਹਾਂ ਕੋਲ ਨਹੀਂ ਗਿਆ ਹੋਵੇਗਾ, ਕਿਉਂਕਿ ਉਹਦੇ ਆਉਣ ਤਕ ਜਹਾਜ਼ ਨਿੱਕਲ ਚੁੱਕਾ ਸੀ। ਜੇ ਐਲਡਰਾਂ ਦੇ ਆਉਣ ਤੋਂ ਪਹਿਲਾਂ ਜਹਾਜ਼ ਨਿੱਕਲ ਜਾਂਦਾ ਤਾਂ ਉਨ੍ਹਾਂ ਨੂੰ ਬੜਾ ਦੁੱਖ ਹੁੰਦਾ; ਪਰ ਜੇ ਪੌਲੁਸ ਤੋਂ ਜਹਾਜ਼ ਛੁੱਟ ਜਾਂਦਾ ਤਾਂ ਪਰਬ ਲਈ ਯਰੂਸ਼ਲਮ ਵਿਚ ਜਾਣ ਵਾਸਤੇ ਉਹਨੂੰ ਕੋਈ ਹੋਰ ਸਾਧਨ ਨਹੀਂ ਮਿਲਣਾ ਸੀ। [13]ਜੋ ਲੋਕ ਪ੍ਰਚਾਰਕ ਨਹੀਂ ਹਨ ਉਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਉਨ੍ਹਾਂ ਨੂੰ ਪ੍ਰਚਾਰਕਾਂ ਤੋਂ ਕੀ ਉਮੀਦ ਕਰਨੀ ਚਾਹੀਦੀ ਹੈ ਅਤੇ ਉਨ੍ਹਾਂ ਨੂੰ ਚੌਕਸ ਪ੍ਰਚਾਰਕ ਦੇ ਕੰਮ ਦੀ ਸ਼ਲਾਘਾ ਕਰਨੀ ਚਾਹੀਦੀ ਹੈ। [14]ਇਸ ਤੋਂ ਇਕ ਸਾਲ ਪਹਿਲਾਂ ਪੌਲੁਸ ਨੇ ਆਪਣੇ ਉੱਤੇ ਆਏ ਜੋਖ਼ਿਮਾਂ ਬਾਰੇ ਦੱਸਦਿਆਂ
2 ਕੁਰਿੰਥੀਆਂ 11:23-33 ਵਿਚ ਲਿਖਿਆ ਸੀ। [15]ਐਲਡਰਾਂ ਨੂੰ ਪ੍ਰਚਾਰਕ ਨੂੰ ''ਰੱਖਣ ਅਤੇ ਕੱਢਣ'' ਦਾ ਹੱਕ ਹੈ ਇਸ ਕਰਕੇ ਐਲਡਰਾਂ ਵਿੱਚੋਂ ਕਿਸੇ ਦੇ ਪ੍ਰਚਾਰਕ ਦੇ ਰੂਪ ਵਿਚ ਸੇਵਾ ਕਰਨ ਨਾਲ ਇਕ ਦੂਜੇ ਦੇ ਹਿੱਤ ਵਿਚ ਮੁਸ਼ਕਿਲ ਆ ਸਕਦੀ ਹੈ। ਕਈ ਪ੍ਰਚਾਰਕ ਰੂਹਾਨੀ ਤੌਰ ਤੇ ਐਨੇ ਪਰਿਪੱਕ ਹੁੰਦੇ ਹਨ ਕਿ ਉਹ ਇਸ ਹਾਲਾਤ ਨਾਲ ਨਿਪਟ ਸਕਦੇ ਹਨ; ਜਦ ਕਿ ਬਹੁਤੇ ਅਜਿਹਾ ਨਹੀਂ ਕਰ ਸਕਦੇ। [16]ਖ਼ਾਸ ਤੌਰ ਤੇ ਜਿਨ੍ਹਾਂ ਵਿਸ਼ਿਆਂ ਦਾ ਜ਼ਿਕਰ ਹੋਇਆ ਹੈ ਉਨ੍ਹਾਂ ਵਿਚ ਤੌਬਾ ਅਤੇ ਵਿਸ਼ਵਾਸ (ਆਇਤ 21), ਇੰਜੀਲ (ਆਇਤ 24), ਕਿਰਪਾ (ਆਇਤ 24) ਅਤੇ ਰਾਜ/ਕਲੀਸੀਆ (ਆਇਤ 25) ਸ਼ਾਮਿਲ ਸਨ। ਸਗੋਂ ਤੌਬਾ ਕਰਨ ਤੋਂ ਪਹਿਲਾਂ ਅਤੇ ਵਿਸ਼ਵਾਸ ਨੂੰ ਦੂਜੇ ਥਾਂ ਤੇ ਲਿਆਉਣਾ ਤਾਂ ਗੈਰਮਾਮੂਲੀ ਹੈ (ਆਇਤ 24)। ਆਮ ਤੌਰ ਤੇ ਲੋਕ ਪਹਿਲਾਂ ਯਿਸੂ ਵਿਚ ਵਿਸ਼ਵਾਸ ਲਿਆਉਂਦੇ ਹਨ ਅਤੇ ਫਿਰ ਤੌਬਾ ਕਰਦੇ ਹਨ (ਰਸੂਲਾਂ ਦੇ ਕੰਮ 2:37, 38)। ਪਰ ਯਾਦ ਰੱਖੋ ਕਿ ਪੌਲੁਸ ਨੇ ਮੁੱਖ ਤੌਰ ਤੇ ਅਫ਼ਸੁਸ ਵਿਚ ਬੁੱਤਪ੍ਰਸਤਾਂ ਵਿਚ ਪ੍ਰਚਾਰ ਕੀਤਾ ਸੀ। ਪਹਿਲਾਂ ਉਹਨੇ ਉਨ੍ਹਾਂ ਨੂੰ ''ਬੁੱਤਾਂ ਤੋਂ ਖ਼ੁਦਾ'' (1 ਥੱਸਲੁਨੀਕੀਆਂ 1:9) ਵੱਲ ਮੋੜਨਾ ਸੀ, ਜਿਸ ਵਿਚ ''ਪ੍ਰਮੇਸ਼ਵਰ ਦੇ ਅੱਗੇ ਤੌਬਾ'' (ਆਇਤ 21) ਸ਼ਾਮਿਲ ਸੀ। ਫਿਰ ਉਹ ਉਨ੍ਹਾਂ ਨੂੰ ਯਿਸੂ ਬਾਰੇ ਸਮਝਾ ਸਕਦਾ ਸੀ, ਤਾਂ ਜਿਸ ਨਾਲ ਉਹ ''*ਸਾਡੇ ਪ੍ਰਭੂ ਯਿਸੂ ਮਸੀਹ ਉੱਤੇ* ਵਿਸ਼ਵਾਸ'' ਕਰ ਲੈਂਦੇ (ਆਇਤ 21)। [17]ਇਹ ਭਾਸ਼ਾ ਹਿਜ਼ਕੀਏਲ 3:16-21; 33:1-9 ਤੋਂ ਲਈ ਗਈ ਹੈ। NCV ਦਾ ਅਨੁਵਾਦ ਹੈ ''ਜੇ ਤੁਹਾਡੇ ਵਿੱਚੋਂ ਕੋਈ ਨਾਸ ਹੁੰਦਾ ਹੈ, ਤਾਂ ਮੈਂ ਉਹਦਾ ਜ਼ਿੰਮੇਵਾਰ ਨਹੀਂ ਹਾਂ।'' *ਟਰੁੱਥ ਫ਼ਾਰ ਟੁਡੇ* ਦੀ ਕਿਤਾਬ ''ਰਸੂਲਾਂ ਦੇ ਕੰਮ, 3'' ਵਿਚ ''ਨਾ ਡਰ'' ਪਾਠ ਵਿਚ ਰਸੂਲਾਂ ਦੇ ਕੰਮ 18:6 ਤੇ ਨੋਟਸ ਵੇਖੋ। [18]ਯੂਨਾਨੀ ਸ਼ਬਦ ਦਾ ਅਨੁਵਾਦ ''ਤੋਂ ਨਹੀਂ ਝਕਿਆ'' ਦੀ ਵਰਤੋਂ ਮਲਾਹ ਇਹ ਕਹਿਣ ਲਈ ਕਰਦੇ ਸਨ ਕਿ ''ਮੈਂ ਆਪਣੀ ਪਾਲ ਹੇਠਾਂ ਨਹੀਂ ਕੀਤੀ।'' ਪ੍ਰਚਾਰ ਦੇ ਸਬੰਧ ਵਿਚ ਪੌਲੁਸ ਦੇ ਨਾਲ ''ਅੱਗੇ ਤੇਜ਼ ਰਫ਼ਤਾਰ!'' ਜੁੜਿਆ ਹੋਇਆ ਸੀ। [19]ਆਇਤ 24 ਵਿਚ ਪੌਲੁਸ ਨੇ ਆਪਣੀ ''ਸੇਵਕਾਈ'' ਦੀ ਗੱਲ ਕੀਤੀ। [20]ਕਈ ਅਨੁਵਾਦਾਂ ਵਿਚ ਆਤਮਾ ਲਈ ''spirit'' ਦਾ ਪਹਿਲਾ ਅੱਖਰ ਵੱਡਾ ''S'' ਇਹ ਸੰਕੇਤ ਦੇਣ ਲਈ ਦਿੱਤਾ ਜਾਂਦਾ ਹੈ ਕਿ ਉਨ੍ਹਾਂ ਦਾ ਮੰਨਣਾ ਹੈ ਕਿ ਪੌਲੁਸ ਪਵਿੱਤਰ ਆਤਮਾ ਦੀ ਗੱਲ ਕਰ ਰਿਹਾ ਸੀ। NCV ਵਿਚ ''ਮੈਂ ਪਵਿੱਤਰ ਆਤਮਾ ਦੀ ਗੱਲ ਮੰਨ ਕੇ ਯਰੂਸ਼ਲਮ ਵਿਚ ਜਾਵਾਂਗਾ'' ਹੈ। ਛੋਟੇ ''s'' ਅਤੇ ਵੱਡੇ ''S'' ਤੋਂ ਮੁੱਖ ਤੌਰ ਤੇ ਇਹੀ ਭਾਵ ਹੈ; ਪੌਲੁਸ ਨੇ ''[ਆਪਣੀ] ਆਤਮਾ ਵਿਚ ਧਾਰਿਆ ਕਿ … ਯਰੂਸ਼ਲਮ ਨੂੰ ਜਾਵਾਂ'' (19:21), ਕੋਈ ਸ਼ੱਕ ਨਹੀਂ ਕਿ ਇਹ ਇਸ ਕਰਕੇ ਸੀ ਕਿਉਂਕਿ ਉਹਦਾ ਮੰਨਣਾ ਸੀ ਕਿ ਇਹ *ਖ਼ੁਦਾ ਦੀ* ਮਰਜ਼ੀ ਸੀ। ਇਸ ਲਈ ਉਹਨੇ ਉਸ ਟੀਚੇ ਨੂੰ ਪਾਉਣ ਲਈ ਸਮਰਪਤ ਹੋ ਕੇ ਜਾਣ ਦਾ ਮਨ ਬਣਾ ਲਿਆ ਅਤੇ ਕਿਸੇ ਵੀ ਔਕੜ ਨੂੰ ਰਾਹ ਵਿਚ ਨਹੀਂ ਆਉਣ ਦੇਣਾ ਸੀ।

[21]ਪਵਿੱਤਰ ਆਤਮਾ ਪੌਲੁਸ ਨਾਲ ਸਿੱਧੇ ਗੱਲ ਕਰ ਸਕਦਾ ਸੀ (ਜਿਵੇਂ ਉਹਨੇ ਫ਼ਿਲਿੱਪੁਸ ਨਾਲ ਕੀਤੀ ਸੀ [8:29]), ਪਰ ''ਹਰੇਕ ਨਗਰ'' ਤੋਂ ਸੰਕੇਤ ਇਹ ਹੋ ਸਕਦਾ ਹੈ ਕਿ ਪਵਿੱਤਰ ਆਤਮਾ ਨੇ ਉਨ੍ਹਾਂ ਨਗਰਾਂ ਵਿਚ ਉਹਦੇ ਨਾਲ ਨਬੀਆਂ ਰਾਹੀਂ ਗੱਲ ਕੀਤੀ ਸੀ (ਵੇਖੋ 21:10, 11)। [22]ਵੇਖੋ ਮੱਤੀ 16:25; ਮਰਕੁਸ 8:35; ਲੂਕਾ 9:24; ਫ਼ਿਲਿੱਪੀਆਂ 1:23. [23]ਪੌਲੁਸ ਨੇ ਅਖ਼ੀਰ ਆਪਣੀ ਦੌੜ ਮੁਕਾ *ਲਈ* ਸੀ (2 ਤਿਮੋਥਿਉਸ 4:7)। [24]ਅਮਰੀਕਾ ਵਿਚ ਇਸ ਸਤਰ ਨੂੰ ਇਸ ਤਰ੍ਹਾਂ ਵਰਤਿਆ ਜਾ ਸਕਦਾ ਹੈ: ''ਜੌਨ ਵੇਨ ਨੇ ਦੂਜਾ ਵਿਸ਼ਵ ਯੁੱਧ ਜਿੱਤਿਆ ਹੋ ਸਕਦਾ ਹੈ, ਪਰ ਉਸ ਨੂੰ ਪ੍ਰਚਾਰਕ ਜਾਂ ਐਲਡਰ ਬਣਨ ਦੀ ਖ਼ਾਹਿਸ਼ ਨਹੀਂ ਸੀ ਕਿਉਂਕਿ ਉਹ ਕਦੇ ਚੀਕਿਆ ਨਹੀਂ ਸੀ।'' [25]ਧਿਆਨ ਦਿਓ ਕਿ ਅਫ਼ਸੁਸ ਦੀ ਕਲੀਸੀਆ ਵਿਚ ਐਲਡਰਾਂ ਦੀ *ਬਹੁਗਿਣਤੀ* ਸੀ। ਨਵੇਂ ਨੇਮ ਵਿਚ ਕਿਸੇ ਮੰਡਲੀ ਦੀ ਨਿਗਾਹਬਾਨੀ ਲਈ *ਇੱਕੋ* ਐਲਡਰ/ਬਿਸ਼ਪ/ਪਾਸਟਰ (ਪਾਸਬਾਨ) ਦੀ ਗੱਲ ਕਿਤੇ ਨਹੀਂ ਮਿਲਦੀ। [26]ਮੈਂ ਆਪਣੀ ਜ਼ਿੰਦਗੀ ਵਿਚ ਤਨਖਾਹ ਲੈਣ ਵਾਲੇ ਬਹੁਤ ਘੱਟ ਐਲਡਰ ਵੇਖੇ ਹਨ। ਐਲਡਰਾਂ ਦੀ ਜ਼ਿੰਮੇਵਾਰੀ ਐਨੀ ਅਹਿਮ ਹੈ ਕਿ ਉਨ੍ਹਾਂ ਨੂੰ ਐਨਾ ਵਕਤ ਦੇਣਾ ਚਾਹੀਦਾ ਹੈ। ਇਸੇ ਕਰਕੇ ਕਲੀਸੀਆ ਨੂੰ ਪੂਰਾ ਸਮਾਂ

ਕੰਮ ਕਰਨ ਵਾਲੇ ਹੋਰ ਐਲਡਰਾਂ ਦੀ ਲੋੜ ਹੈ।[27]ਪਹਿਲੀ ਸਦੀ ਵਿਚ ਇਹ ਸਭ ਚੀਜ਼ਾਂ ਹੈਸੀਅਤ ਦਾ ਪ੍ਰਤੀਕ ਸਨ। ਕਈ ਜਗ੍ਹਾ ਅੱਜ ਵੀ ਇਵੇਂ ਹੀ ਹੈ।[28]ਨਵੇਂ ਨੇਮ ਦਾ ਇਹੀ ਢੰਗ ਹੈ। ਵੇਖੋ ਫ਼ਿਲਿੱਪੀਆਂ 1:1; 1 ਪਤਰਸ 5:2. [29]ਵਿਲੀਅਮ ਬਾਰਕਲੇ, *ਦ ਐਕਟਸ ਆਫ਼ ਦਾ ਅਪੋਸਟਲਜ਼,* ਦ ਡੇਲੀ ਸਟਡੀ ਬਾਈਬਲ ਸੀਰੀਜ਼, ਸਧਾਰਣ ਅੰਕ (ਫ਼ਿਲਾਡੈਲਫ਼ੀਆ: ਵੈਸਟਮਿੰਸਟਰ ਪ੍ਰੈਸ, 1976), 91. [30]ਰਸੂਲਾਂ ਦੇ ਕੰਮ 6 ਦਾ ਅਧਿਐਨ ਕਰਦਿਆਂ ਅਸੀਂ ਵੇਖਿਆ ਸੀ ਕਿ ਖ਼ੁਦਾ ਦੀ ਪ੍ਰੇਰਣਾ ਪਾਏ ਹੋਏ ਰਸੂਲਾਂ ਨੇ ਆਗੂਆਂ ਨੂੰ ਲੋੜੀਂਦੀਆਂ ਯੋਗਤਾਵਾਂ ਦੱਸ ਕੇ ਮੰਡਲੀ ਨੂੰ ਕਿਹਾ ਸੀ ਕਿ ਇਨ੍ਹਾਂ ਯੋਗਤਾਵਾਂ ਵਾਲੇ ਪੁਰਖਾਂ ਨੂੰ ਆਪਣੇ ਵਿੱਚੋਂ ਚੁਣ ਲਓ (*ਟਰੁੱਥ ਫ਼ਾਰ ਟੁਡੇ* ਦੀ ਕਿਤਾਬ ''ਰਸੂਲਾਂ ਦੇ ਕੰਮ, 2'' ਵਿਚ ''ਚੰਗੇ ਆਗੂਆਂ ਦੀ ਬੇਹੱਦ ਲੋੜ'' ਪਾਠ ਵਿਚ ਰਸੂਲਾਂ ਦੇ ਕੰਮ 6:1-7 ਤੇ ਨੋਟਸ ਵੇਖੋ)।

[31]ਫ਼ਿਰਕੂ ਨਾਂਅ ''ਪ੍ਰੈਸਬਿਟੇਰਿਅਨ'' ਇੱਥੋਂ ਹੀ ਸ਼ੁਰੂ ਹੋਇਆ। ਬੇਸ਼ੱਕ ਕਲੀਸੀਆ ਵਿਚ ਸਰਕਾਰ ਬਣਾਉਣ ਵਾਂਗ ਨਾਂਅ ਨਹੀਂ ਹੋਣੇ ਚਾਹੀਦੇ।[32]ਖ਼ੁਦਾ ਜਦ ਇਨਸਾਨ ਨੂੰ ਕੋਈ ਜ਼ਿੰਮੇਵਾਰੀ ਦਿੰਦਾ ਹੈ, ਤਾਂ ਉਹ ਉਸ ਜ਼ਿੰਮੇਵਾਰੀ ਨੂੰ ਪੂਰਾ ਕਰਨ ਲਈ ਉਹਨੂੰ ਇਖ਼ਤਿਆਰ ਵੀ ਦਿੰਦਾ ਹੈ। ਇਸ ਕਰਕੇ ''ਨਿਗਾਹਬਾਨ'' ਸ਼ਬਦ ਵਿਚ ਜ਼ਿੰਮੇਵਾਰੀ ਦੇ ਨਾਲ ਨਾਲ ਇਖ਼ਤਿਆਰ ਵੀ ਹੈ। [33]ਫ਼ਿਰਕੂ ਨਾਂਅ ''ਐਪਿਸਕੋਪੇਲਿਅਨ'' ਦੀ ਸ਼ੁਰੂਆਤ [ਭਾਰਤ ਵਿਚ ਐਂਗਲੀਕਨ- ਅਨੁਵਾਦਕ] ਇੱਥੋਂ ਹੀ ਹੋਈ। [34]''ਟੈਲੀਸਕੋਪ'' (ਦੂਰੋਂ ਵੇਖਣਾ), ''ਮਾਈਕ੍ਰੋਸਕੋਪ'' (ਨੇੜਿਓਂ ਵੇਖਣਾ), ਆਦਿ ਵਾਂਗ ''ਸਕੋਪ'' ਦਾ ਇਹੀ ਮਤਲਬ ਹੈ। [35]ਪੰਜਾਬੀ ਵਿਚ *episkopos* (ਐਪੀਸਕੋਪੋਸ) ਦਾ ਅਨੁਵਾਦ ''ਨਿਗਾਹਬਾਨ'' ਹੋਇਆ ਹੈ। [36]''ਬਿਸ਼ਪ'' ਸ਼ਬਦ ਦੀ ਕੈਥੋਲਿਕ ਅਤੇ ਹੋਰ ਲੋਕਾਂ ਵੱਲੋਂ ਐਨੀ ਦੁਰਵਰਤੋਂ ਹੋਈ ਹੈ ਕਿ ਬਹੁਤੇ ਲੋਕਾਂ ਨੂੰ ਲਗਦਾ ਹੀ ਨਹੀਂ ਹੈ ਕਿ ਇਹਦਾ ਅਰਥ ਮੂਲ ਵਿਚ ''ਸਥਾਨਕ ਮੰਡਲੀ ਦੇ ਨਿਗਾਹਬਾਨਾਂ ਵਿੱਚੋਂ ਇਕ'' ਹੋਵੇਗਾ। ਇਸ ਗੱਲ ਵੱਲ ਧਿਆਨ ਦੁਆਉਣ ਦਾ ਮਹੱਤਵ ਹੈ ਕਿ ਮੂਲ ਵਿਚ ''ਬਿਸ਼ਪ'' ਸ਼ਬਦ ਦਾ ਅਰਥ ਉਹੀ ਨਹੀਂ ਸੀ ਜੋ ਅੱਜ ਪ੍ਰਚੱਲਿਤ ਹੈ। [37]ਮੈਂ ''ਅਹੁਦੇ'' ਸ਼ਬਦ ਦੀ ਵਰਤੋਂ ਕਰ ਰਿਹਾ ਹਾਂ ਕਿਉਂਕਿ NASB ਦੇ ਅਨੁਵਾਦਕਾਂ ਨੇ (1 ਤਿਮੋਥਿਉਸ 3:1) ਅਜਿਹਾ ਕੀਤਾ ਅਤੇ ਮੈਨੂੰ ਇਸਦੇ ਤੋਂ ਵਧੀਆ ਸ਼ਬਦ ਨਹੀਂ ਮਿਲਿਆ। ਪਰ ਯਾਦ ਰੱਖੋ ਕਿ ਅਸੀਂ ਰੁਤਬੇ ਦੀ ਨਹੀਂ ਸਗੋਂ ਜ਼ਿੰਮੇਵਾਰੀ ਦੀ ਗੱਲ ਕਰ ਰਹੇ ਹਾਂ। [38]ਅਮਰੀਕੀ ਲੋਕਾਂ ਵਿਚ ਅਖਾਣ ਹੈ, ''ਪਾਸਿੰਗ ਦ ਬੱਕ'' ਜਿਸ ਤੋਂ ਭਾਵ ਜ਼ਿੰਮੇਵਾਰੀ ਤੋਂ ਬਚਣ ਦੀ ਕੋਸ਼ਿਸ਼ ਹੈ। ''ਇੱਥੇ ਗੱਡੀ ਰੁੱਕ ਗਈ'' ਤੋਂ ਭਾਵ ਜ਼ਿੰਮੇਵਾਰੀ ਕਬੂਲਣਾ ਹੈ। [39]*ਟਰੁੱਥ ਫ਼ਾਰ ਟੁਡੇ* ਦੀ ਕਿਤਾਬ ''ਰਸੂਲਾਂ ਦੇ ਕੰਮ, 2'' ਵਿਚ 6:2 ਤੇ ਨੋਟਸ ਵੇਖੋ। [40]''ਨਿਗਾਹਬਾਨੀ'' ਲਾਤੀਨੀ ਸ਼ਬਦ ਤੋਂ ਲਿਆ ਗਿਆ ਹੈ ਜਿਸ ਤੋਂ ਭਾਵ ''ਨਿਗਰਾਨੀ'' ਕਰਨਾ ਹੈ। ਐਲਡਰਾਂ ਨੂੰ ਰੂਹਾਨੀ ''ਨਿਗਾਹਬਾਨ'' ਕਿਹਾ ਜਾ ਸਕਦਾ ਹੈ।

[41]ਕਲੀਸੀਆ ਦੀ ਸੰਭਾਲ ਕਰਨ ਤੋਂ ਪਹਿਲਾਂ ਐਲਡਰਾਂ ਲਈ ਆਪਣੀ ਸੰਭਾਲ ਕਰਨਾ ਜ਼ਰੂਰੀ ਸੀ। [42]ਰਸੂਲਾਂ ਦੇ ਕੰਮ ਵਿਚ ਸਿਰਫ਼ ਇੱਥੇ ਹੀ ''ਪ੍ਰਮੇਸ਼ਵਰ ਦੀ ਕਲੀਸੀਆ'' ਸ਼ਬਦ ਮਿਲਦਾ ਹੈ, ਪਰ ਇਹ ਵਾਕ ਪੌਲੁਸ ਦਾ ਪਸੰਦੀਦਾ ਸੀ (ਉਦਾਹਰਣ ਲਈ, 1 ਕੁਰਿੰਥੀਆਂ 1:2)। ਇਸ ਆਇਤ ਵਿਚ ''ਪ੍ਰਮੇਸ਼ਵਰ'' ਸ਼ਾਇਦ ਯਿਸੂ ਨੂੰ ਕਿਹਾ ਗਿਆ ਹੈ (ਅਗਲੀ ਟਿੱਪਣੀ ਵੇਖੋ)। [43]ਲਿਖਤ ਵਿਚ ਇੱਥੇ ''ਉਹਦੇ ਆਪਣੇ ਲਹੂ ਨਾਲ'' (ਭਾਵ ਉਹਦੇ ਆਪਣੇ ਪੁੱਤਰ) ਹੋ ਸਕਦਾ ਹੈ, ਪਰ NASB ਵਾਂਗ ਪੰਜਾਬੀ ਅਨੁਵਾਦ ਵੀ ਬੇਹੱਦ ਸੁਭਾਵਕ ਹੈ। ਨਵੇਂ ਨੇਮ ਵਿਚ ਦਸ ਜਾਂ ਵੱਧ ਵਿੱਚੋਂ ਇਕ ਵਾਰ ਇੱਥੇ ਯਿਸੂ ਨੂੰ ''ਖ਼ੁਦਾ'' ਦੇ ਤੌਰ ਤੇ ਵਿਖਾਇਆ ਗਿਆ ਹੈ। ਡਾਕਟ੍ਰਿਨ ਸਬੰਧੀ ਸਲੀਬ ਦੀ ਅਹਿਮੀਅਤ ਤੇ ਰਸੂਲਾਂ ਦੇ ਕੰਮ ਕਿਤਾਬ ਵਿਚ ਆਇਤ 28 ਸਭ ਤੋਂ ਵਧੀਆ ਵਾਕ ਹੈ। ਲਹੂ ਰਾਹੀਂ ਮੁਕਤੀ ਪਾਉਣ ਲਈ, ਸਾਡੇ ਲਈ ਲਹੂ ਨਾਲ ਖ਼ਰੀਦੀ ਕਲੀਸੀਆ ਵਿਚ ਹੋਣਾ ਜ਼ਰੂਰੀ ਹੈ (ਅਫ਼ਸੀਆਂ 5:23, 25 ਵੀ ਵੇਖੋ)। [44]ਇਕ ਹੋਰ ਆਇਤ ਲਈ ਜਿੱਥੇ ਤਿੰਨੇ ਸ਼ਬਦ ਇਕ ਦੂਜੇ ਦੇ ਥਾਂ ਅਦਲ ਬਦਲ ਕੇ ਵਰਤੇ ਗਏ ਹਨ, ਵੇਖੋ 1 ਪਤਰਸ 5:1, 2. [45]ਵਾਰੇਨ ਡਬਲਯੂ. ਵਿਅਰਸਬੇ, *ਦ ਬਾਈਬਲ ਐਕਸਪੋਜ਼ਿਸ਼ਨ ਕਮੈਂਟਰੀ,* ਅੰਕ 1 (ਵ੍ਹੀਟਨ, ਇਲੀਨੋਇਸ: ਵਿਕਟਰ ਬੁਕਸ, 1989), 451, 486. [46]ਰਸੂਲਾਂ ਦੇ ਕੰਮ 20:28 ਅਤੇ 1 ਪਤਰਸ 4:2 ਵਿਚ KJV ਵਿਚ ''ਚਰਵਾਹੀ ਕਰਨ'' ਦੀ ਬਜਾਏ ''ਖੁਆਉਣ'' ਹੈ। ਚਰਵਾਹੇ ਦੀ ਜ਼ਿੰਮੇਵਾਰੀ ਦਾ ਇਹ ਅਹਿਮ ਹਿੱਸਾ ਸੀ, ਪਰ ਇਹ ਮੁਕੰਮਲ ਜ਼ਿੰਮੇਵਾਰੀ ਨਹੀਂ ਸੀ। [47]ਵੇਖੋ ਮੱਤੀ 7:15; ਯੂਹੰਨਾ 10:12. [48]ਹੁਮਿਨਾਉਸ ਅਤੇ ਸਿਕੰਦਰ (1 ਤਿਮੋਥਿਉਸ 1:19, 20); ਫ਼ੁਗਿਲੁਸ ਅਤੇ ਹਰਮੁਗਨੇਸ (2 ਤਿਮੋਥਿਉਸ 1:15), ਅਤੇ ਫ਼ਿਲੇਤੁਸ (2 ਤਿਮੋਥਿਉਸ 2:17) ਅਤੇ ਦਿਉਤ੍ਰਿਫੇਸ (3 ਯੂਹੰਨਾ 9) ਝੂਠੇ ਸਿੱਖਿਅਕ ਸਨ। [49]''ਨੌਸਟਿਕ ਮਤ'' ਦੂਜੀ ਅਤੇ ਤੀਜੀ ਸਦੀ ਵਿਚ ਯਹੂਦੀ ਮੱਤ ਅਤੇ ਬੁੱਤਪ੍ਰਸਤ ਫ਼ਿਲਾਸਫ਼ੀਆਂ ਦੇ ਮੇਲ ਨਾਲ ਹੋਏ ਮਸੀਹੀਅਤ ਦੇ ਵਿਗੜੇ ਹੋਏ ਰੂਪ ਨੂੰ ਕਿਹਾ ਜਾਂਦਾ ਸੀ। ਇਹ ਨਾਂਅ ''ਗਿਆਨ'' ਲਈ ਯੂਨਾਨੀ ਸ਼ਬਦ (*gnosis*) ਤੋਂ ਲਿਆ ਗਿਆ ਹੈ, ਕਿਉਂਕਿ ਇਸ ਦੇ ਆਗੂਆਂ ਨੇ ਉਸ ਗਿਆਨ ਨੂੰ ਪਾਉਣ ਦਾ ਦਾਅਵਾ ਕੀਤਾ ਜੋ ਸਿੱਖਿਆ ਨਾ ਪਾਉਣ ਵਾਲਿਆਂ ਕੋਲ ਨਹੀਂ ਸੀ। ਇਸ ਬੇਦੀਨੀ ਦੀ ਸ਼ੁਰੂਆਤ ਪਹਿਲੀ ਸਦੀ ਦੇ ਅਖ਼ੀਰ ਵਿਚ ਹੀ ਹੋ ਗਈ

ਸੀ, ਅਫ਼ਸੁਸ ਵਿਚ ਨਿਕੁਲਈਆਂ ਦੀ ਸਿੱਖਿਆ (ਪ੍ਰਕਾਸ਼ ਦੀ ਪੋਥੀ 2:1, 5; 15 ਵੀ ਵੇਖੋ) ਨੌਸਟਿਕ ਮੱਤ ਦਾ ਸ਼ੁਰੂਆਤੀ ਰੂਪ ਹੀ ਸੀ। ਨੌਸਟਿਕ ਮੱਤ ਬਾਰੇ ਹੋਣ ਜਾਣਨ ਲਈ, 1 ਯੂਹੰਨਾ ਤੇ ਕਿਸੇ ਮਾਨਕ ਟੀਕਾ ਦਾ ਪਰਿਚੈ ਪੜ੍ਹੋ। [50]NCV ਵਿਚ ਹੈ ''ਮੈਂ ਤੁਹਾਨੂੰ ਖ਼ੁਦਾ ਦੇ ਸਪੁਰਦ ਕਰ ਰਿਹਾ ਹਾਂ।''

[51]ਅਫ਼ਸੀਆਂ 4:28 ਨਾਲ ਤੁਲਨਾ ਕਰੋ। [52]ਇਹ ''ਇਲਾਹੀ ਸੱਚਾਈ ਦੇ ਉਨ੍ਹਾਂ ਅਨਮੋਲ ਮੋਤੀਆਂ ਵਿੱਚੋਂ ਇਕ ਹੈ, ਜੋ ਇੰਜੀਲ ਦੀਆਂ ਕਿਤਾਬਾਂ ਵਿਚ ਨਹੀਂ ਮਿਲਦੇ'' (ਜੇ. ਡਬਲਯੂ. ਮੈਕਗਰਵੇ, *ਨਿਊ ਕਮੈਂਟਰੀ ਆਨ ਐਕਟਸ ਆਫ਼ ਅਪੋਸਟਲਜ਼,* ਅੰਕ 1 [ਡਿਲਾਈਟ, ਆਰਕੈਂਸਾ: ਗੌਸਪਲ ਲਾਈਟ ਪਬਲਿਸ਼ਿੰਗ ਕੰ., ਮਿਤੀ ਰਹਿਤ], 193)। (ਵੇਖੋ ਯੂਹੰਨਾ 20:30.) ਪੌਲੁਸ ਨੇ ਇੱਥੇ ਕਈ ਸਾਲ ਪਹਿਲਾਂ ਯੂਹੰਨਾ ਵੱਲੋਂ ਲਿਖੀ ਇੰਜੀਲ ਦਾ ਹਵਾਲਾ ਦਿੱਤਾ। ਤੌਬਾ ਤੋਂ ਬਾਅਦ ਪੌਲੁਸ ਨੂੰ ਪ੍ਰਭੂ ਕੋਲੋਂ ਸਿੱਧਾ ਮੁਕਾਸ਼ਫ਼ਾ ਮਿਲਿਆ ਸੀ (ਗਲਾਤੀਆਂ 1:11, 12, 17)। [53]ਉਸ ਜ਼ਮਾਨੇ ਵਿਚ ਸਲਾਮ (ਜਾਂ ਅਲਵਿਦਾ) ਲਈ ਚੁੰਮਣਾ ਇਕ ਆਮ ਤਰੀਕਾ ਸੀ; ਇਸ ਦਾ ਮਤਲਬ ਦੋਸਤੀ ਹੁੰਦਾ ਸੀ (ਵੇਖੋ ਲੂਕਾ 22:47, 48; ਰੋਮੀਆਂ 16:16)। [54]ਵੇਖੋ ਆਇਤ 25. ਪੌਲੁਸ ਦੀ ਗੱਲ ਕਿ ''ਤੁਸੀਂ ਮੇਰਾ ਮੂੰਹ ਫੇਰ ਕਦੇ ਨਾ ਵੇਖੋਗੇ'' ਕਿਸੇ ਔਖਿਆਈ ਬਾਰੇ ਦੱਸਦਾ ਹੈ, ਬਾਅਦ ਵਿਚ ਪੌਲੁਸ ਅਫ਼ਸੁਸ ਵਿਚ ਫੇਰ ਗਿਆ ਹੋਵੇਗਾ (1 ਤਿਮੋਥਿਉਸ 1:3; 3:14)। ਇਨ੍ਹਾਂ ਵਿਚਾਰਾਂ ਤੇ ਧਿਆਨ ਦਿਓ: (1) ਪੌਲੁਸ ਨੇ ਸਾਫ਼ ਕਿਹਾ ਸੀ ਕਿ ਉਹਨੂੰ ਨਹੀਂ ਪਤਾ ਕਿ ਯਰੂਸ਼ਲਮ ਵਿਚ ਉਹਦੇ ਨਾਲ ਕੀ ਹੋਵੇਗਾ (ਆਇਤ 22), ਇਸ ਲਈ ਉਹਨੇ ਖ਼ੁਦਾ ਦੀ ਪ੍ਰੇਰਣਾ ਨਾਲ ਮਿਲੀ ਚਿਤਾਵਨੀ ਦਾ ਕਿ ''ਬੰਧਨ ਅਤੇ ਬਿਪਤਾ ਤੇਰੇ ਲਈ ਤਿਆਰ ਹਨ'' (ਆਇਤ 23) ਤੋਂ *ਆਪਣਾ ਹੀ* ਅਰਥ ਕੱਢਿਆ ਹੋਵੇਗਾ। ਅਜਿਹਾ ਨਾ ਹੋਣ ਤੇ ਉਹਨੇ ਝੱਟ ਰੋਮ ਜਾਣ ਅਤੇ ਉੱਥੋਂ ਆਪਣਾ ਕੰਮ ਚਲਾਉਣ ਦੀ ਯੋਜਨਾ ਬਣਾਈ (ਰੋਮੀਆਂ 15:23-25)। ਜੋ ਵੀ ਹੋਵੇ, ਉਹਨੂੰ ਅਫ਼ਸੁਸ ਵਿਚ ਦੁਬਾਰਾ ਜਾਣ ਦੀ ਉਮੀਦ ਨਹੀਂ ਸੀ। (2) ਅਫ਼ਸੁਸ ਵਿਚ ਗਏ ਉਹਨੂੰ ਕਈ ਸਾਲ ਹੋ ਚੁੱਕੇ ਸਨ, ਇਸ ਕਰਕੇ ਹੋ ਸਕਦਾ ਹੈ ਕਿ ਉਹ ਐਲਡਰ (ਜੇ ਉਹ ਗਿਆ) ਉਦੋਂ ਤਕ ਕਿਸੇ ਹੋਰ ਥਾਂ ਚਲੇ ਗਏ ਹੋਣ, ਜਾਂ ਮਰ ਚੁਕੇ ਹੋਣ, ਜਿਸ ਕਰਕੇ ਉਸ ਨੇ ਉਨ੍ਹਾਂ ਦਾ ਮੂੰਹ ਫੇਰ ਨਹੀਂ ਵੇਖਿਆ। (3) ਪ੍ਰਭੂ ਅਤੇ ਹਾਲਾਤ ਨੇ ਆਮ ਤੌਰ ਤੇ ਪੌਲੁਸ ਦੀ ਅਗਵਾਈ ਆਪਣੇ ਢੰਗ ਨਾਲ ਬਦਲੀ। [55]ਬਾਰਕਲੇ, 152.

© 2009 Truth for Today